

# ਦੇਸ਼ ਭਗਤ ਯਾਦਗਾਰ
## ਅਤੇ
# ਬਾਬਾ ਅਮਰ ਸਿੰਘ ਸੰਧਵਾਂ

ਚਰੰਜੀ ਲਾਲ ਕੰਗਣੀਵਾਲ

# ਦੇਸ਼ ਭਗਤ ਯਾਦਗਾਰ
# ਅਤੇ
# ਬਾਬਾ ਅਮਰ ਸਿੰਘ ਸੰਧਵਾਂ

3

ਦੇਸ਼ ਭਗਤ ਯਾਦਗਾਰ

ਅਤੇ

# ਬਾਬਾ ਅਮਰ ਸਿੰਘ ਸੰਧਵਾਂ

ਚਰੰਜੀ ਲਾਲ ਕੰਗਣੀਵਾਲ

ਪ੍ਰਕਾਸ਼ਕ:

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ਸਮਰਪਤ

ਗ਼ਦਰ

ਸ਼ਤਾਬਦੀ

ਨੂੰ

- ਗ਼ਦਰ ਲਹਿਰ ਦਾ ਜੁਬਲੀ ਸਮਾਗਮ 101
- ਰੀਪਬਲਿਕਨ ਪਾਰਟੀ ਦਾ ਮੋਰਚਾ 104
- ਫਗਵਾੜਾ ਬੰਬ ਕਾਂਡ 108
- ਦੇਸ਼ ਭਗਤ ਯਾਦਗਾਰ ਨੂੰ ਖੁਦਗਰਜ਼ ਨਜ਼ਰਾਂ ਤੋਂ ਬਚਾਉਣਾ 113
- ਬਾਬਾ ਜੀ ਦੀ ਸੁਪਤਨੀ 116
- ਬਾਬਾ ਜੀ ਦੇ ਸੰਗੀ-ਸਾਥੀ 119


**ਅੰਤਿਕਾ-1**


1. ਦੇਸ਼ ਭਗਤ ਯਾਦਗਾਰ ਹਾਲ 126
2. ਦੇਸ਼ ਭਗਤ ਯਾਦਗਾਰ ਜ਼ਿੰਦਾਬਾਦ 128
3. ਭਾਈ ਭਾਗ ਸਿੰਘ ਜੈ ਸਿੰਘ ਵਾਲਾ 130
4. ਪ੍ਰਦੇਸੀ ਵੀਰਾਂ ਦਾ ਪੰਥਕ ਪ੍ਰੇਮ! 132
5. ਪਨਾਮਾ ਦੇ ਪੰਥ ਦਰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸਹਾਇਤਾ 133
6. ਦੇਸ਼ ਭਗਤ ਯਾਦਗਾਰ ਕਮੇਟੀ ਦੇ ਰਿਕਾਰਡ ਵਿੱਚੋਂ 134
7. ਤੋੜ ਦਿਆਂਗਾ ਜ਼ੁਲਮ ਦੀਆਂ ਜ਼ੰਜੀਰਾਂ ਨੂੰ 135

- ਹਵਾਲੇ ਤੇ ਫੁੱਟ ਨੋਟ 138

ਕਰਨ ਵਾਲੀ ਹਰ ਪਾਰਟੀ ਦੇ ਦਿਲੋਂ-ਮਨੋਂ ਹਮਦਰਦ ਸਨ ਤੇ ਉਸ ਦੀ ਮਾਇਕ ਸਹਾਇਤਾ ਕਰਨ ਲਈ ਤਤਪਰ ਰਹਿੰਦੇ ਸਨ। ਜਦੋਂ 1928 ਵਿਚ ਆਪ ਪਨਾਮਾ ਤੋਂ ਵਾਪਸ ਹਿੰਦੁਸਤਾਨ ਪਰਤ ਆਏ, ਤਾਂ ਆਪ ਪਨਾਮਾ ਦੇ ਦੇਸ਼-ਭਗਤਾਂ ਵਲੋਂ ਕਾਂਗਰਸ ਪਾਰਟੀ ਦੀ ਮੱਦਦ ਲਈ ਭੇਜੀ ਮਾਇਕ ਸਹਾਇਤਾ ਦੇਣ ਲਈ ਜਦੋਂ ਅਲਾਹਾਬਾਦ ਵਿਚ ਮਹਾਤਮਾ ਗਾਂਧੀ ਨੂੰ ਮਿਲੇ, ਤਦ ਆਪ ਨੇ ਗਾਂਧੀ ਨੂੰ ਸ: ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਫਾਂਸੀ ਤੋਂ ਬਚਾਉਣ ਲਈ ਆਪਣਾ ਅਸਰ ਸਰੂਖ਼ ਵਰਤਣ ਲਈ ਕਿਹਾ ਤਾਂ ਉੱਤਰ 'ਚ ਗਾਂਧੀ ਦੇ ਮੂੰਹੋਂ ਭਗਤ ਸਿੰਘ ਲਈ ਬੇਪਰਵਾਹੀ ਭਰੇ ਸ਼ਬਦ ਸੁਣ ਕੇ ਆਪ ਦਾ ਮਨ ਖੱਟਾ ਹੋ ਗਿਆ ਤੇ ਉਨ੍ਹਾਂ ਦੇ ਮਨ ਵਿਚ ਗਾਂਧੀ ਦੀ ਅਗਵਾਈ ਹੇਠ ਕੰਮ ਕਰ ਰਹੀ ਕਾਂਗਰਸ ਪਾਰਟੀ ਦੀ ਦੇਸ਼-ਭਗਤੀ ਉੱਤੇ ਸੰਦੇਹ ਪੈਦਾ ਹੋ ਗਿਆ, ਜਿਸ ਕਾਰਨ ਉਹ ਉਨ੍ਹਾਂ ਨੂੰ ਬਿਨਾ ਮਾਇਆ ਦਿੱਤੇ ਵਾਪਸ ਪਰਤ ਆਏ ਤੇ ਉਹ ਰਕਮ ਉਨ੍ਹਾਂ ਕਿਰਤੀ-ਕਿਸਾਨ ਲਹਿਰ ਦੀ ਅਗਵਾਈ ਕਰ ਰਹੇ ਤੇ ਅੰਗਰੇਜ਼ਾਂ ਵਿਰੁੱਧ ਜੂਝ ਰਹੇ 'ਕਿਰਤੀ' ਮੈਗਜ਼ੀਨ ਨੂੰ ਦੇ ਦਿੱਤੀ।

ਇਸ ਤੋਂ ਇਲਾਵਾ ਬਾਬਾ ਜੀ ਨੇ ਬੱਬਰ ਅਕਾਲੀ ਲਹਿਰ ਦੇ ਸੂਰਮਿਆਂ, ਗ਼ਦਰੀਆਂ ਤੇ ਹੋਰਨਾਂ ਦੇਸ਼-ਭਗਤਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਅਤੇ ਗ਼ਦਰ ਪਾਰਟੀ ਦੇ ਬੇਲਾ ਸਿੰਘ ਵਰਗੇ ਗ਼ਦਾਰਾਂ ਨੂੰ ਸੋਧਣ ਲਈ ਹਮੇਸ਼ਾ ਦਿਲ ਖੋਲ੍ਹ ਕੇ ਸਹਾਇਤਾ ਦਿੱਤੀ ਅਤੇ ਦੇਸ਼-ਭਗਤ ਪਰਿਵਾਰ ਸਹਾਇਕ ਕਮੇਟੀ ਰਾਹੀਂ ਵੀ ਇਸ ਮਹਾਂਜੱਗ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ।

ਗੁਰੂ ਸਾਹਿਬਾਂ ਵਲੋਂ ਸ਼ੁਰੂ ਕੀਤੀ ਸਾਂਝੀਵਾਲਤਾ ਲਹਿਰ ਦੇ ਪ੍ਰਤੀ ਅਥਾਹ ਸਤਿਕਾਰ ਤੇ ਸ਼ਰਧਾ ਹੋਣ ਕਰਕੇ ਆਪ ਦੇ ਦਰ ਹਮੇਸ਼ਾ ਬਿਨਾਂ ਵਿਤਕਰੇ ਤੋਂ ਲੋੜਵੰਦਾਂ ਤੇ ਦਲਿਤਾਂ ਲਈ ਖੁੱਲ੍ਹੇ ਰਹੇ। 1925 ਵਿਚ ਗੁਰੂ ਰਾਮਦਾਸ ਸਰਾਂ ਦੀ ਉਸਾਰੀ ਸਮੇਂ ਜਦੋਂ ਸ਼੍ਰੋਮਣੀ ਕਮੇਟੀ ਨੇ 'ਪੰਜ ਪੈਸੇ ਪ੍ਰਤੀ ਜੀਅ' ਹਿੱਸਾ ਪਾਉਣ ਦੀ ਅਪੀਲ ਕੀਤੀ, ਤਾਂ ਆਪ ਨੇ ਜਿੱਥੇ ਪਨਾਮਾ ਦੀ ਸੰਗਤ ਤੋਂ ਮਾਇਆ ਇਕੱਤਰ ਕੀਤੀ, ਉੱਥੇ ਆਪਣੇ ਕੋਲੋਂ 10470 ਰੁਪਏ ਦੇ ਕੇ ਸਹਾਇਤਾ ਭੇਜੀ, ਜੋ ਉਸ ਸਮੇਂ ਬੜੀ ਵੱਡੀ ਸੀ।

ਅਜ਼ਾਦੀ ਤੋਂ ਮਗਰੋਂ ਉਹ ਖੱਬੀਆਂ ਲਹਿਰਾਂ ਨਾਲ ਜੁੜੇ ਰਹੇ। ਉਨ੍ਹਾਂ ਕਾਮਰੇਡ ਤੇਜਾ ਸਿੰਘ ਸੁਤੰਤਰ ਦੀਆ ਜੁਝਾਰੂ ਸਰਗਰਮੀਆਂ ਤੇ ਉਨ੍ਹਾਂ ਦੀ ਰੂਪੋਸ਼ੀ ਸਮੇਂ ਲਗਾਤਾਰ ਉਨ੍ਹਾਂ ਦੀ ਮਦਦ ਕੀਤੀ ਤੇ ਅੱਗੋਂ ਜਾ ਕੇ ਉਹ ਨਕਸਲੀ ਲਹਿਰ ਦੇ ਵੀ ਹਮਦਰਦ ਰਹੇ।

ਆਪ ਲੰਮਾ ਸਮਾਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਖ਼ਜ਼ਾਨਚੀ ਰਹੇ। ਆਪ ਨੇ ਦੇਸ਼ ਭਗਤ ਯਾਦਗਾਰ ਦੀ ਉਸਾਰੀ ਲਈ 101000 ਰੁਪਏ ਦਾਨ ਦਿੱਤੇ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਉਸ ਸਮੇਂ ਦੇ ਕਰਤੇ-ਧਰਤੇ ਬਾਬਾ ਵਸਾਖਾ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਬਾਬਾ ਗੁਰਮੁਖ ਸਿੰਘ, ਬਾਬਾ ਕਰਮ ਸਿੰਘ ਚੀਮਾ ਤੇ ਬਾਬਾ ਭਾਗ ਸਿੰਘ ਕੈਨੇਡੀਅਨ ਆਦਿ ਨੇ ਆਪ ਦੀ ਨਿਸ਼ਕਾਮ ਮਹਾਂਦਾਨੀ ਸ਼ਖ਼ਸੀਅਤ ਦਾ ਸਤਿਕਾਰ ਕਰਦਿਆਂ ਆਪ ਨੂੰ ਦੇਸ਼ ਭਗਤ ਯਾਦਗਾਰ

# ਦੂਜਾ ਸੰਸਕਰਣ

ਕਾਮਰੇਡ ਭਗਤ ਸਿੰਘ ਬਿਲਗਾ ਜੀ, ਮਾਸਟਰ ਊਧਮ ਸਿੰਘ ਕਸੇਲ ਅਤੇ ਬਾਬਾ ਅਮਰ ਸਿੰਘ ਸੰਧਵਾਂ ਬਾਰੇ ਕਿਤਾਬਾਂ ਲਿਖੇ ਜਾਣ ਲਈ ਬਹੁਤ ਦਿਲਚਸਪੀ ਰੱਖਦੇ ਸਨ। ਜਦੋਂ ਵੀ ਪ੍ਰੋ. ਕ੍ਰਿਪਾਲ ਸਿੰਘ ਕਸੇਲ ਦੇਸ਼ ਭਗਤ ਯਾਦਗਾਰ ਹਾਲ 'ਚ ਆਉਂਦੇ ਤਾਂ ਬਿਲਗਾ ਜੀ ਉਸ ਨੂੰ ਮਾ. ਊਧਮ ਸਿੰਘ ਕਸੇਲ ਬਾਰੇ ਕਿਤਾਬ ਲਿਖਣ ਲਈ ਕਹਿੰਦੇ ਹੀ ਨਾ, ਹੱਥ ਧੋ ਕੇ ਪਿੱਛੇ ਪੈ ਜਾਂਦੇ। ਮਾ. ਊਧਮ ਸਿੰਘ ਕਸੇਲ ਦੇ ਪਿੰਡ ਕਸੇਲ ਨੂੰ ਬਾਬਾ ਸੋਹਣ ਸਿੰਘ ਭਕਨਾ 'ਗ਼ਦਰੀਆਂ ਦਾ ਮੱਕਾ' ਆਖਦਿਆਂ ਸਲਾਮ ਕਰਕੇ ਕੋਲ ਦੀ ਲੰਘਿਆ ਕਰਦੇ ਸਨ। ਮਾ. ਊਧਮ ਸਿੰਘ ਕਸੇਲ ਬਾਰੇ ਚਰੰਜੀ ਲਾਲ ਕੰਗਣੀਵਾਲ ਵਲੋਂ ਕਿਤਾਬ ਲਿਖੀ ਗਈ ਤਾਂ ਕਸੇਲ ਪਿੰਡ ਵਾਲਿਆਂ ਨੇ ਕਿਤਾਬ ਦੀਆਂ 200 ਕਾਪੀਆਂ ਖ਼ਰੀਦ ਲਈਆਂ ਸਨ। ਜਿਸਦੇ ਦੋ ਐਡੀਸ਼ਨ ਖ਼ਤਮ ਹੋ ਚੁੱਕੇ ਹਨ। ਇਸੇ ਤਰ੍ਹਾਂ ਬਾਬਾ ਭਗਵਾਨ ਸਿੰਘ ਦੁਸਾਂਝ ਦੇ ਪਿੰਡ ਦੁਸਾਂਝ ਕਲਾਂ ਵਾਲਿਆਂ ਨੇ ਵੀ ਸਿਰਫ਼ ਉਨ੍ਹਾਂ ਬਾਰੇ ਕਿਤਾਬ ਨੂੰ ਭਰਵਾਂ ਹੁੰਗਾਰਾ ਹੀ ਨਹੀਂ ਸੀ ਦਿੱਤਾ ਸਗੋਂ ਇਸ ਦਾ ਅੰਗਰੇਜ਼ੀ ਐਡੀਸ਼ਨ ਵੀ ਤਿਆਰ ਕਰਵਾ ਕੇ ਪਾਠਕਾਂ ਤੱਕ ਪਹੁੰਚਾਉਣ ਦਾ ਮਿਸਾਲੀ ਕੰਮ ਕੀਤਾ ਹੈ।

ਕਾ. ਬਿਲਗਾ ਅਕਸਰ ਹੀ ਦੇਸ਼ ਭਗਤ ਯਾਦਗਾਰ ਹਾਲ ਵਾਲਿਆਂ ਨੂੰ ਕਹਿੰਦੇ ਰਹਿੰਦੇ ਸਨ ਕਿ "ਅੱਜ ਇਥੇ ਜਿਹੜਾ ਤੁਸੀਂ ਕੁਰਸੀਆਂ 'ਤੇ ਬੈਠੇ ਹੋ ਇਹ ਬਾਬਾ ਅਮਰ ਸਿੰਘ ਸੰਧਵਾਂ ਦੀ ਬਦੌਲਤ ਹੋ। ਉਨ੍ਹਾਂ ਤੋਂ ਬਗੈਰ ਕਮੇਟੀ ਜ਼ਮੀਨ ਨਹੀਂ ਸੀ ਖਰੀਦ ਸਕਦੀ। ਉਸ ਸਮੇਂ ਜਿੰਨੀ ਰਕਮ ਦੇ ਕੇ ਉਨ੍ਹਾਂ ਇਹ ਜ਼ਮੀਨ ਖਰੀਦ ਕੇ ਦਿੱਤੀ ਏਨੇ ਪੈਸੇ ਨਾਲ ਉਹ ਪਤਾ ਨਹੀਂ ਕਿੰਨੇ ਏਕੜ ਜ਼ਮੀਨ ਖ਼ਰੀਦ ਸਕਦੇ ਸਨ।"

ਬਾਬਾ ਅਮਰ ਸਿੰਘ ਸੰਧਵਾਂ ਦਾ ਭਤੀਜਾ ਚੂਹੜ ਸਿੰਘ ਜਦੋਂ ਵੀ ਯਾਦਗਾਰ ਹਾਲ ਆਉਂਦਾ ਤਾਂ ਕਾ. ਬਿਲਗਾ ਜੀ ਉਸ ਨੂੰ ਹਿਰਖ ਨਾਲ ਕਹਿੰਦੇ "ਬਾਬਾ ਸੰਧਵਾਂ ਤੁਹਾਡੇ ਲਈ ਐਨੀ ਜਾਇਦਾਦ ਛੱਡ ਗਏ ਹਨ। ਤੁਸੀਂ ਉਨ੍ਹਾਂ ਦੀ ਘਾਲਣਾ ਨੂੰ ਥੋੜਾ ਬਹੁਤ ਕਿਤਾਬੀ ਰੂਪ ਦੇਣ ਲਈ ਕੁਝ ਕਰੋ।" ਉਹ ਹਾਂ ਕਰ ਤਾਂ ਜਾਂਦਾ ਪਰ ਘਰ ਜਾ ਕੇ ਗੱਲ ਨੂੰ ਆਈ ਗਈ ਕਰਦਾ ਰਿਹਾ।

ਚਰੰਜੀ ਲਾਲ ਕੰਗਣੀਵਾਲ ਨੇ ਹਿੰਮਤ ਕਰਕੇ ਕਿਤਾਬ ਲਿਖ ਦਿੱਤੀ ਜਿਸ ਵਿਚ ਬਾਬਾ ਜੀ ਦੇ ਭਰਾ ਪੂਰਨ ਸਿੰਘ ਦੇ ਪੋਤਰੇ ਸਤਿੰਦਰਪਾਲ ਸਿੰਘ ਤੇ ਪਰਿਵਾਰ ਦਾ ਸਹਿਯੋਗ ਪ੍ਰਸੰਸਾਯੋਗ ਹੈ। ਪੁਸਤਕ ਦੇ ਪਹਿਲੇ ਐਡੀਸ਼ਨ ਨੂੰ ਏਨਾ ਹੁੰਗਾਰਾ ਮਿਲਿਆ

# ਦੇਸ਼ ਭਗਤ ਯਾਦਗਾਰ

## ਦੇਸ਼ ਭਗਤ-ਬਾਬਾ ਅਮਰ ਸਿੰਘ ਸੰਧਵਾਂ

ਪਨਾਮਾ ਦੀ ਗ਼ਦਰ ਪਾਰਟੀ ਦੇ ਆਗੂ ਬਾਬਾ ਅਮਰ ਸਿੰਘ ਸੰਧਵਾਂ ਇਕ ਅਜਿਹੇ ਦੇਸ਼ ਭਗਤ ਸਨ, ਜਿਹਨਾਂ ਨੂੰ ਗ਼ਦਰੀ ਬਾਬਿਆਂ ਨੇ 'ਮਹਾਂਦਾਨੀ' ਦਾ ਰੁਤਬਾ ਦਿੱਤਾ ਸੀ। ਸਿੱਖ ਫਲਸਫ਼ੇ ਵਿਚ ਦਾਨ, ਸੇਵਾ ਹੈ ਜਿਸਨੂੰ 'ਦਸਵੰਧ' ਦੇ ਰੂਪ ਵਿਚ ਵੀ ਪ੍ਰੀਭਾਸ਼ਤ ਕੀਤਾ ਗਿਆ ਹੈ।

'ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕ ਰਾਹਿ ਪਛਾਣੇ ਸੇਇ।'

ਗੁਰੂ ਨਾਨਕ ਜੀ ਦਾ ਫਰਮਾਨ ਹੈ,'ਜੋ ਵਿਅਕਤੀ ਆਪਣੇ ਹੱਥਾਂ ਨਾਲ ਕਮਾਉਂਦਾ ਹੈ ਅਤੇ ਆਪਣੇ ਹੱਥੀਂ ਦੇਂਦਾ ਹੈ, ਉਸ ਨੂੰ ਸੱਚ ਦਾ ਮਾਰਗ ਮਿਲ ਜਾਂਦਾ ਹੈ।' ਦਾਨ ਦਾ ਸੰਕਲਪ ਮੁੱਢ-ਕਦੀਮ ਤੋਂ ਚਲਿਆ ਆਉਂਦਾ ਹੈ ਤੇ ਇਸ ਨੂੰ ਦੋ ਵਿਧੀਆਂ ਰਾਹੀਂ ਅਮਲ 'ਚ ਲਿਆਂਦਾ ਜਾਂਦਾ ਸੀ। ਬ੍ਰਾਹਮਣਵਾਦੀ ਵਿਧੀ ਅਨੁਸਾਰ ਕਰਮ-ਕਾਂਡਾਂ ਦੇ ਮਾਧਿਅਮ ਨਾਲ ਦਾਨ ਜਬਰੀ ਲਿਆ ਜਾਂਦਾ ਰਿਹਾ। ਇਹ ਵਿਧੀ ਕਈ ਵਾਰ ਦਾਨ ਕਰਨ ਵਾਲੇ ਨੂੰ ਕੰਗਾਲ ਵੀ ਬਣਾ ਦਿੰਦੀ ਰਹੀ ਹੈ। ਭਾਵੇਂ ਇਸ ਵਿਧੀ ਦਾ ਸ਼ਿਕਾਰ ਗਰੀਬ ਵਰਗ ਵੀ ਬਣਦਾ ਪ੍ਰੰਤੂ ਧਨਵਾਨ ਇਸ ਦਾ ਵੱਧ ਸ਼ਿਕਾਰ ਬਣਦੇ ਕਿਉਂਕਿ ਬ੍ਰਾਹਮਣ ਆਪਣੀਆਂ ਲਾਲਸਾਵਾਂ ਪੂਰੀਆਂ ਕਰਨ ਲਈ ਉਹਨਾਂ ਨੂੰ ਅਗਲੇ ਪਿਛਲੇ ਜਨਮਾਂ ਦੇ ਭੁਲ-ਭੁਲਈਏ 'ਚ ਪਾ ਕੇ ਮਨ-ਮਰਜ਼ੀ ਨਾਲ ਲੁੱਟਦੇ।

ਇਹਨਾਂ ਰੀਤਾਂ ਵਿਰੁੱਧ ਸਿੱਖ ਫਲਸਫ਼ੇ ਵਿਚ ਦਾਨ ਨੂੰ ਸੇਵਾ ਪ੍ਰਵਾਨ ਕਰਕੇ ਮਾਨਵੀ ਬਿਹਤਰੀ ਤੇ ਸਾਂਝੇ ਕਾਰਜਾਂ ਲਈ ਅਪਣਾਇਆ ਗਿਆ ਸੀ ਜੋ ਅਗੋਂ ਜਾ ਕੇ ਸਹਿਜੇ ਸਹਿਜੇ ਬ੍ਰਾਹਮਣਵਾਦੀ ਵਿਧੀ ਦਾ ਸ਼ਿਕਾਰ ਹੋ ਗਿਆ। ਸੁਆਰਥੀ ਆਪਣੀਆਂ ਲਾਲਸਾਵਾਂ, ਮਨੋਰਥਾਂ ਦੀ ਪੂਰਤੀ ਲਈ ਇਸ ਦਾ ਦਿਖਾਵਾ ਕਰਦੇ ਹਨ। ਦਾਨ ਨੂੰ ਸਿਆਸੀਕਰਨ ਅਤੇ ਵਪਾਰੀਕਰਨ ਲਈ ਅਧਾਰ ਬਣਾ ਲਿਆ ਜਾਂਦਾ ਹੈ। ਸਮਾਜ ਅੰਦਰ ਸੱਚ-ਝੂਠ, ਧਰਮ-ਅਧਰਮ, ਪ੍ਰਉਪਕਾਰ-ਸੁਆਰਥ ਵਿਚਕਾਰ ਸਦੀਵੀ ਟੱਕਰ ਚੱਲੀ ਆਉਂਦੀ ਹੈ। ਸੱਚ ਦੇ ਮਾਰਗ 'ਤੇ ਚਲਣਾ ਕਠਨ ਹੈ। ਇਸ ਕਠਨ ਰਾਹ 'ਤੇ ਚਲਣ ਲਈ ਸੇਵਾ ਕੀਤਿਆਂ ਅਦੁੱਤੀ ਆਤਮਿਕ ਸ਼ਾਂਤੀ ਤੇ ਸ਼ਕਤੀ ਪ੍ਰਾਪਤ ਹੁੰਦੀ ਹੈ ਜੋ ਨਕਾਰਾਤਮਿਕ ਰੁਚੀਆਂ ਤੋਂ ਬਚਾਉਂਦੀ ਹੈ। ਧੰਨ ਦੀ ਆਪਣੀ ਮਹੱਤਤਾ ਹੈ। ਸਥਾਪਿਤ

ਦੇ ਘਰ ਹੋਇਆ। ਉਹਨਾਂ ਦੀ ਮਾਤਾ ਦਾ ਨਾਮ ਧਰਮ ਕੌਰ ਸੀ। ਸੰਧਵਾਂ ਤੇ ਫਰਾਲਾ ਦੁਆਬਾ ਦੇ ਦੋ ਪ੍ਰਸਿੱਧ ਪਿੰਡ ਹਨ ਜੋ ਇਕ ਦੂਜੇ ਦੇ ਪੂਰਕ ਰਹੇ ਹਨ। ਦੁਆਬੇ ਵਿਚ ਸੰਧਵਾਂ ਤੇ ਫਰਾਲਾ ਨਾਂ ਦੇ ਹੋਰ ਵੀ ਪਿੰਡ ਹੋਣ ਕਰਕੇ ਇਹਨਾਂ ਦਾ ਉਚਾਰਣ ਇਕੱਠਿਆਂ ਕੀਤਾ ਜਾਂਦਾ ਹੈ। ਇਹਨਾਂ ਦੀ ਆਪਸੀ ਸਾਂਝ ਵੀ ਪੀਢੀ ਹੈ। ਸੰਧਵਾਂ ਤੇ ਫਰਾਲਾ ਦਾ ਵਿਚਕਾਰਲਾ ਫ਼ਾਸਲਾ ਡੇਢ ਦੋ ਫਰਲਾਂਗ ਹੋਵੇਗਾ ਜਿਹੜਾ ਆਧੁਨਿਕੀਕਰਨ ਨੇ ਘਟਾ ਦਿੱਤਾ ਹੈ। ਸੰਧਵਾਂ ਹੁਣ ਤਹਿਸੀਲ ਤੇ ਜਿਲ੍ਹਾ ਨਵਾਂ ਸ਼ਹਿਰ ਦਾ ਪਿੰਡ ਹੈ, ਜੋ ਬਹਿਰਾਮ ਤੋਂ ਮਾਹਲਪੁਰ ਜਾਣ ਵਾਲੀ ਸੜਕ ਉਪਰ ਸਥਿਤ ਹੈ। ਇਸ ਦਾ ਹਦਬਸਤ ਨੰਬਰ 29, ਰਕਬਾ 629 ਹੈਕਟੇਅਰ, ਆਬਾਦੀ 3176 ਅਤੇ ਡਾਕਘਰ ਖਾਸ ਹੈ। ਫਰਾਲਾ ਦਾ ਹਦਬਸਤ ਨੰਬਰ 1, ਰਕਬਾ 822 ਹੈਕਟੇਅਰ ਤੇ ਆਬਾਦੀ 3496, ਡਾਕਘਰ ਖਾਸ ਹੈ। ਇਥੋਂ ਦੇ ਜੰਮਪਲ ਤੇ ਇੰਗਲੈਂਡ ਦੇ ਨਿਵਾਸੀ ਹਰਜੀਤ ਅਟਵਾਲ ਅਨੁਸਾਰ:

> **ਫਰਾਲਾ ਪਿੰਡ ਬਾਬੇ ਹਦਾਲ ਨਾਂ ਦੇ ਜੱਟ ਨੇ ਵਸਾਇਆ, ਜਿਹੜਾ ਰਾਜਸਥਾਨ ਤੋਂ ਆਇਆ ਸੀ। ਹਦਾਲੇ ਦਾ ਕਬੀਲਾ ਊਠ ਪਾਲਿਆ ਕਰਦਾ ਸੀ ਤੇ ਇਸ ਨੂੰ ਊਟਵਾਲ ਕਿਹਾ ਜਾਂਦਾ ਸੀ। ਊਟਵਾਲ ਸ਼ਬਦ ਛੇਤੀ ਹੀ ਵਿਗੜ ਕੇ ਅਟਵਾਲ ਬਣ ਗਿਆ, ਜਿਹੜੇ ਇਲਾਕੇ ਵਿਚ ਊਟ ਨੂੰ ਊਠ ਕਿਹਾ ਜਾਂਦਾ ਸੀ, ਉੱਥੇ ਅਟਵਾਲ ਵੀ ਅਠਵਾਲ ਹਨ, ਭਾਵ ਕਿ ਜਿਵੇ ਊਠ ਤੋਂ ਊਟਵਾਲ ਤੇ ਫਿਰ ਅਟਵਾਲ। ਇਵੇਂ ਹੀ ਊਠ ਤੋਂ ਊਠਵਾਲ ਤੇ ਫਿਰ ਅਠਵਾਲ।**[1]

ਸੰਧਵਾਂ ਦਾ ਸੰਬੰਧ ਸਿੱਖ ਇਤਿਹਾਸ ਨਾਲ ਜੁੜਿਆ ਹੋਇਆ ਹੈ। ਗੁਰਦੁਆਰਾ ਸ੍ਰੀ ਡੰਡਾ ਸਾਹਿਬ, ਪਿੰਡ ਸੰਧਵਾਂ, ਸਤਵੇਂ ਗੁਰੂ ਸ੍ਰੀ ਹਰਰਾਇ ਸਾਹਿਬ ਜੀ ਮਾਲਵੇ ਦਾ ਦੌਰਾ ਕਰਕੇ ਮਰਾਝ ਤੋਂ ਵਾਪਸ ਕੀਰਤਪੁਰ ਜਾਣ ਸਮੇਂ ਰਸਤੇ ਵਿਚਲੇ ਪਿੰਡਾਂ ਵਿਚ ਪੜਾਅ ਕਰਦੇ ਹੋਏ ਪਲਾਹੀ ਆਏ। ਇਥੋਂ ਚੱਲ ਕੇ ਫਰਾਲੇ ਪਿੰਡ ਤੋਂ ਘੋੜਸਵਾਰਾਂ ਨਾਲ 1713, 1656 ਈਸਵੀ ਨੂੰ ਇੱਥੇ ਚਰਨ ਪਾਏ। ਇਥੇ ਫਲਾਹੀ ਦੀ ਦਾਤਣ ਕਰਨ ਪਿੱਛੋਂ ਧਰਤੀ ਵਿਚ ਗੱਡ ਦਿੱਤੀ, ਜੋ ਕੁਝ ਸਮੇਂ ਬਾਅਦ ਹਰੀ ਹੋ ਗਈ। ਉਥੋਂ ਹੀ ਇਸ ਸਥਾਨ ਦਾ ਨਾਂ 'ਡੰਡਾ ਸਾਹਿਬ' ਪੈ ਗਿਆ। ਹਰ ਸਾਲ ਫਰਵਰੀ ਮਹੀਨੇ ਵਿਚ ਇਥੇ ਅਵਤਾਰ ਪੁਰਬ ਮਨਾਇਆ ਜਾਂਦਾ ਹੈ ਅਤੇ ਸੰਗਰਾਂਦ ਵਾਲੇ ਦਿਨ ਦੀਵਾਨ ਲੱਗਦਾ ਹੈ।

ਆਮ ਧਾਰਨਾ ਹੈ ਕਿ ਸੰਧਵਾਂ ਨਾਂਅ ਸੰਧੂ ਗੋਤ ਤੋਂ ਪਿਆ ਸੀ ਕਿਉਂਕਿ ਇੱਥੇ ਬੁਨਿਆਦੀ ਤੌਰ ਤੇ ਸੰਧੂ ਗੋਤ ਦੇ ਜੱਟ ਵੱਸਦੇ ਹਨ। ਬਾਬਾ ਅਮਰ ਸਿੰਘ ਦੇ ਖਾਨਦਾਨ ਦਾ ਗੋਤ ਨਿੱਝਰ ਹੈ। ਇਸ ਗੋਤ ਦਾ ਵਡਾਰੂ, ਬਹਾਦਰ ਸਿੰਘ ਜਿਹੜਾ ਇੱਥੇ ਨਾਨਕ ਢੇਰੀ ਆ ਵਸਿਆ ਸੀ। ਬਾਬਾ ਅਮਰ ਸਿੰਘ ਦਾ ਬਾਬਾ, ਬਹਾਦਰ ਸਿੰਘ ਮੋਗੇ ਲਾਗੇ ਪਿੰਡ ਛੋਟੀਆਂ ਮੰਡੀਰਾਂ ਤੋਂ ਇਥੇ ਆਇਆ ਸੀ। ਮੱਧ-ਏਸ਼ੀਆ ਤੋਂ ਆਉਣ ਵਾਲੇ ਜੱਟਾਂ ਦੇ ਪੁਰਾਣੇ ਕਬੀਲੇ ਵਿਚ ਨਿੱਝਰ ਗੋਤ ਵਾਲੇ ਵੀ ਸਨ, ਇਸ ਨਾਲ ਰਲਦੇ ਮਿਲਦੇ ਗੋਤ ਮੱਧ-ਏਸ਼ੀਆ ਵਿਚ ਹੁਣ ਵੀ ਹਨ। ਦੁਆਬੇ ਦੇ ਜਲੰਧਰ, ਕਪੂਰਥਲਾ ਵਿਚ ਨਿੱਝਰ ਗੋਤ ਪਰਿਵਾਰਾਂ ਦੀ ਗਿਣਤੀ ਚੋਖੀ ਹੈ। ਡੁਮੇਲੀ ਤੇ ਪੰਡੋਰੀ ਨਿੱਝਰਾਂ, ਨਿੱਝਰ ਜੱਟਾਂ ਦੇ

ਵੱਸ ਜਾਣਾ ਇਤਿਹਾਸਿਕ ਸੱਚਾਈ ਤਾਂ ਹੈ, ਪਰੰਤੂ ਇਸ ਦਾ ਮੂਲ ਕਾਰਨ ਹੋਰ ਸੀ, ਜਿਸ ਦਾ ਖੁਲਾਸਾ ਗਿ. ਗਿਆਨ ਸਿੰਘ ਨੇ ਸ਼ਮਸ਼ੇਰ ਖਾਲਸਾ ਵਿਚ ਕੀਤਾ ਹੈ:

> ਇਸ ਲਿਖਤ ਦੇ ਹਿਸਾਬ ਨਾਲ ਪਿੰਡ ਸੰਧਵਾਂ ਬੰਦਾ ਬਹਾਦਰ ਕਾਲ ਸਮੇਂ ਹੋਂਦ ਵਿਚ ਆਇਆ ਸੀ। ਇਸ ਪਿੰਡ ਦੇ ਚੜ੍ਹਦੇ ਪਾਸੇ ਮੀਲ ਕੁ ਦੀ ਦੂਰੀ ਤੇ ਇਕ ਪਿੰਡ ਘੁੱਗ ਵੱਸਦਾ ਸੀ, ਢੱਕ ਦੇ ਇਸ ਇਲਾਕੇ ਵਿਚ ਬੰਦਾ ਬਹਾਦਰ ਦੀ ਫੌਜ ਦਾ ਤੁਰਕਾਂ ਨਾਲ ਗਹਿ-ਗੱਚ ਯੁੱਧ ਹੋ ਗਿਆ ਸੀ। ਇਸ ਯੁੱਧ ਦੀ ਤਾਬ ਨਾ ਝੱਲਦਾ ਹੋਇਆ ਇਹ ਪਿੰਡ ਬੇਚਰਾਗ ਹੋ ਗਿਆ। ਜਦੋਂ ਬੰਦਾ ਬਹਾਦਰ ਨੇ ਸਰਹੰਦ ਤੋਂ ਬਾਅਦ ਕਪੂਰੀ, ਸਹਾਰਨਪੁਰ, ਕਨਖਲ ਤੇ ਹਰਿਦੁਆਰ ਗੰਗਾ ਪਾਰ ਦੇ ਹੋਰ ਬਹੁਤ ਸਾਰੇ ਸ਼ਹਿਰ, ਕਸਬੇ ਫਤਿਹ ਕਰ ਲਏ, ਤਾਂ ਸਿੱਖ ਆਗੂ ਆਪਣੇ ਜਥੇਦਾਰਾਂ ਤੋਂ ਆਗਿਆ ਲੈ ਕੇ ਆਪਣੇ ਘਰੀਂ ਚਲੇ ਗਏ। ਉਹਨਾਂ ਦੇ ਘਰਾਂ ਵਾਲੇ, ਪਿੰਡ ਵਾਲੇ ਅਤੇ ਹੋਰ ਸਾਕ-ਸੰਬੰਧੀ ਮਿੱਤਰ-ਪਿਆਰੇ ਉਹਨਾਂ ਦੀ ਬਹਾਦਰੀ ਤੋਂ ਬੜੇ ਪ੍ਰਭਾਵਿਤ ਹੋਏ ਸਨ। ਇਸ ਪ੍ਰਭਾਵ ਨਾਲ ਬਹੁਤ ਸਾਰੇ ਸਿੱਖ ਸਜ ਕੇ ਉਨਾਂ ਦੇ ਭਾਈ-ਬੰਧੂ ਤੇ ਹੋਰ ਬੰਦਾ ਬਹਾਦਰ ਪਾਸ ਪਹੁੰਚੇ, ਜਿਹੜਾ ਉਦੋਂ 5 ਕੁ ਹਜ਼ਾਰ ਦੀ ਫੌਜ ਨਾਲ ਲੁਧਿਆਣੇ ਡੇਰਾ ਜਮਾਈ ਬੈਠਾ ਸੀ। ਇਸ ਤਰ੍ਹਾਂ ਬੰਦਾ ਬਹਾਦਰ ਦਾ ਬੜਾ ਭਾਰੀ ਲਸ਼ਕਰ ਗੁਰੂ ਖਾਲਸਾ ਦਾ ਹੋ ਗਿਆ, ਬੰਦਾ ਬਹਾਦਰ ਦਾ ਹੌਸਲਾ ਹੋਰ ਵੀ ਵੱਧ ਗਿਆ ਸੀ। ਇਸ ਤਰ੍ਹਾਂ ਬੰਦੇ ਬਹਾਦਰ ਦੀ ਵਧਦੀ ਸ਼ਕਤੀ ਨੂੰ ਸੁਣ ਕੇ ਫਰੁਖਸੀਅਰ ਬਾਦਸ਼ਾਹ ਨੇ ਗੁਜਰਾਤ ਦੇ ਫੌਜਦਾਰ ਜਬਰਦਸਤ ਖਾਂ, ਸੂਬੇਦਾਰ ਕਸ਼ਮੀਰ, ਅਬਦੁਲ ਸਮੁੰਦ ਖਾਂ ਨਾਜਮ ਲਾਹੌਰ, ਮੋਮਨ ਖਾਂ ਤੇ ਸਫਦਰ ਜੰਗ ਆਦਿ ਫੌਜਦਾਰਾਂ ਨੂੰ ਹੁਕਮ ਚਾੜ੍ਹ ਦਿੱਤਾ ਕਿ ਉਹ ਆਪਣੀ ਆਪਣੀ ਫੌਜ ਲੈ ਕੇ ਇਹਨਾਂ ਸਿੰਘਾਂ ਦਾ ਖਾਤਮਾ ਕਰਨ ਤੇ ਬੰਦਾ ਬਹਾਦਰ ਨੂੰ ਫੜ ਕੇ ਜੀਉਂਦਾ ਉਸ ਕੋਲ ਲਿਆਉਣ। ਨਾਲ ਹੀ ਉਸ ਨੇ ਇਹ ਅਫਵਾਹ ਫੈਲਾਅ ਦਿੱਤੀ ਕਿ ਬੰਦਾ ਬਹਾਦੁਰ ਕੁਲੂ ਵਿਚ ਕੈਦ ਹੋ ਕੇ ਮਰ ਮੁੱਕਿਆ ਹੈ। ਇਹ ਅਫ਼ਵਾਹ ਸੁਣ ਕੇ ਸਾਰੇ ਤੁਰਕ ਢੋਲ ਵਜਾਉਂਦੇ ਹੋਏ ਲੋਹਗੜ੍ਹ ਦੇ ਕਿਲ੍ਹੇ ਵੱਲ ਧਾਅ ਆਏ। ਪ੍ਰੰਤੂ ਅਗਿਉਂ ਬੰਦੇ ਦੇ ਜਿਉਂਦੇ ਹੋਣ ਦੀ ਖ਼ਬਰ ਸੁਣਦਿਆਂ ਸਾਰ ਸਿੰਘ ਸ਼ੇਰਾਂ ਵਾਂਗੂੰ ਗੱਜਦੇ ਹੋਏ ਮੁਹੰਮਦੀ ਟੋਲਿਆਂ ਅਤੇ ਪਿੰਡਾਂ ਨੂੰ ਲੁੱਟਦੇ ਲੋਹਗੜ੍ਹ ਕਿਲ੍ਹੇ ਪਹੁੰਚ ਗਏ।[3]

ਬੰਦਾ ਬਹਾਦਰ ਦੇ ਬਿਰਾਜਮਾਨ ਹੋਣ ਅਤੇ 'ਬੰਦਾ ਆਇਆ! ਬੰਦਾ ਆਇਆ!' ਦੇ ਐਲਾਨੇ ਜਾਣ ਨਾਲ ਤੁਰਕ ਫੌਜਾਂ ਅੰਦਰ ਭਾਜੜ ਪੈ ਗਈ ਤੇ ਉਹ ਭੱਜ ਗਈਆਂ। ਤੁਰਕਾਂ ਨੂੰ ਭਾਂਜ ਦੇ ਕੇ ਸਿੱਖ ਫੌਜਾਂ ਦੁਆਬੇ ਵੱਲ ਆ ਗਈਆਂ। ਗਿ.ਗਿਆਨ ਸਿੰਘ ਲਿਖਦਾ ਹੈ:

> ਸ਼ਾਹੀ ਹੁਕਮ 'ਤੇ ਜੰਮੂ ਦਾ ਸੂਬੇਦਾਰ ਚਾਰ ਕੁ ਹਜਾਰ ਫੌਜ ਸਮੇਤ ਇਹਨਾਂ ਸਿੱਖਾਂ ਦਾ ਪਿੱਛਾ ਕਰਦਾ ਆ ਗਿਆ, ਜਿਹੜੇ ਉਸ ਸਮੇ ਦੁਆਬੇ ਵਿਚ

ਟਿਕਾਣਾ ਨਹੀ ਸੀ।[5] ਹਰਜੀਤ ਅਟਵਾਲ ਨੇ ਲਿਖਿਆ ਹੈ :

> **ਫਰਾਲੇ ਦੇ ਨਾਲ ਹੀ ਘੁੰਮਣਾਂ ਵੱਲ ਦੇ ਪਾਸੇ ਇਕ ਛੋਟਾ ਜਿਹਾ ਪਿੰਡ ਪੈਂਦਾ ਸੀ, ਜਿਸ ਦਾ ਨਾਂ 'ਲਾਦੀਆ' ਸੀ। ਬਾਬੇ ਹੰਦਾਲ ਦੇ ਸੱਤ ਮੁੰਡੇ ਜਵਾਨ ਹੋਏ, ਤਾਂ ਸਭ ਤੋਂ ਪਹਿਲਾਂ ਉਹਨਾ ਨੇ ਇਸ ਪਿੰਡ ਨਾਲ ਟੱਕਰ ਲਈ। ਕਿਹਾ ਜਾਂਦਾ ਹੈ ਕਿ ਇਥੋਂ ਦੇ ਲੋਕ ਉਠ ਕੇ ਚਲੇ ਗਏ ਤੇ ਉਹਨਾਂ ਨਵਾਂ ਸ਼ਹਿਰ ਜ਼ਿਲ੍ਹੇ ਵਿਚ 'ਲਾਦੀਆਂ' ਨਾਂ ਦਾ ਨਵਾਂ ਪਿੰਡ ਵਸਾ ਲਿਆ। ਉਜੜੇ ਪਿੰਡ ਵਾਲੀ ਜਗ੍ਹਾ ਨੂੰ ਹਾਲੇ ਵੀ 'ਲਾਦੀਆਂ' ਕਿਹਾ ਜਾਂਦਾ ਹੈ। ਪਿੰਡ ਦੇ ਇਸੇ ਪਾਸੇ ਹੀ 'ਖੇੜਿਆਂ ਦਾ ਖੂਹ' ਵੀ ਹੈ। ਇਸ ਖੂਹ ਦੇ ਦੁਆਲੇ ਦੇ ਖੇਤਾਂ ਵਿੱਚੋਂ ਚਾਲੀ ਕੁ ਸਾਲ ਪਹਿਲਾਂ ਤੱਕ ਖੇਤ ਵਾਹੁੰਦਿਆਂ, ਹੱਡੀਆਂ ਤੇ ਮਿੱਟੀ ਦੇ ਭਾਂਡੇ ਆਮ ਮਿਲਦੇ ਰਹੇ। ਇਹ ਜਗ੍ਹਾ ਵੀ ਕੋਈ ਇਤਿਹਾਸ ਸਾਂਭੀ ਬੈਠਾ ਹੈ, ਜੋ ਸਾਡੇ ਤੱਕ ਨਹੀਂ ਪੁੱਜਿਆ।[6]**

ਹਰਜੀਤ ਅਟਵਾਲ ਦੀ ਉਕਤ ਧਾਰਨਾ ਦੀ ਗਿ. ਗਿਆਨ ਸਿੰਘ ਦੇ ਹਵਾਲਿਆਂ ਨਾਲ ਪੁਸ਼ਟੀ ਹੋ ਜਾਂਦੀ ਹੈ ਕਿ ਬੰਦਾ ਬਹਾਦਰ ਦੇ ਕਾਲ ਤੋਂ ਪਿੱਛੋਂ ਮਿਸਲਾਂ ਦੇ ਉਠਾਣ ਸਮੇਂ ਜਲੰਧਰ ਦੇ ਹਾਕਮ ਨਾਸਰ ਅਲੀ ਦੇ ਹੁਕਮ 'ਤੇ ਸਿੰਘਾਂ ਨਾਲ ਜਿਹੜਾ ਜੰਗ ਇੱਥੇ ਹੋਇਆ, ਉਸ ਦੀ ਤਾਬ ਨਾ ਝੱਲਦਿਆਂ ਇਹ ਪਿੰਡ ਬਰਬਾਦ ਹੋ ਗਏ ਸਨ। ਫਰਾਲਾ ਵੱਡੇ ਪਿੰਡਾਂ 'ਚ ਸ਼ੁਮਾਰ ਹੀ ਨਹੀਂ ਸੀ, ਬਲਕਿ ਮੁਗਲ ਕਾਲ ਤੋਂ ਇਹ ਪ੍ਰਗਣਾ ਵੀ ਸੀ। ਹੰਦਾਲ ਦੇ ਸੱਤ ਮੁੰਡਿਆਂ ਦੀ ਇਹਨਾਂ ਪਿੰਡਾਂ ਨਾਲ ਟੱਕਰ ਵਾਲਾ ਕਥਨ ਮੰਨਣਯੋਗ ਨਹੀਂ। ਇਕ ਪਿੰਡ ਵੱਲੋਂ ਦੂਜੇ ਪਿੰਡ ਨੂੰ ਉਜਾੜਨਾ ਸੰਭਵ ਨਹੀਂ। ਇਥੋਂ ਦੇ ਚੌਧਰੀ ਰਾਮਦੇਵ ਦੇ ਜੰਗਾਂ ਵਿੱਚ ਸ਼ਾਮਲ ਹੋਣ ਨਾਲ ਇਹ ਜ਼ਾਹਿਰ ਹੈ ਕਿ ਬਾਬੇ ਹੰਦਾਲ ਦੇ ਲੜਕੇ ਰਾਮਦੇਵ ਨਾਲ ਮਿਲ ਕੇ ਤੁਰਕਾਂ ਦੇ ਸਹਾਇਕ ਬਣੇ ਹੋਣ। ਸਿੰਘ ਬਹਾਦਰੀ ਨਾਲ ਸਾਮ੍ਹਣਾ ਕਰਦੇ ਹੋਏ ਪਹਾੜਾਂ ਵੱਲ ਚਲੇ ਗਏ। ਫਰਾਲੇ ਦੇ ਚੌਧਰੀ ਰਾਮਦੇਵ ਦਾ ਖਾਨਦਾਨ ਅੱਗੋਂ ਖੋਜ ਦਾ ਮੁੱਦਾ ਹੈ। ਪਰ ਇਹ ਸਪਸ਼ਟ ਹੈ ਕਿ ਫਰਾਲੇ ਦੇ ਚੌਧਰੀ ਰਾਮਦੇਵ ਸਮੇਤ ਇਲਾਕੇ ਦੇ ਚੌਧਰੀ ਦਿੱਲੀ ਤਖਤ ਦੀ ਤਾਬਿਆਦਾਰੀ 'ਚ ਰਹਿੰਦੇ ਸਨ, ਇਸ ਕਰਕੇ ਉਨ੍ਹਾਂ ਸਥਾਪਤ ਸ਼ਕਤੀਆਂ ਦੇ ਵਿਰੁੱਧ ਉਠ ਰਹੀਆਂ ਲਹਿਰਾਂ ਜਾਂ ਮਿਸਲਾਂ ਦੇ ਜਰਨੈਲਾਂ (ਸਰਦਾਰਾਂ) ਦੇ ਵਿਰੁੱਧ ਪੈਂਤੜਾ ਲਿਆ ਸੀ। ਅਫਗਾਨਿਸਤਾਨ ਤੋਂ ਦਿੱਲੀ ਤਕ ਦੇ ਰਸਤੇ ਵਿੱਚ ਪੈਂਦੇ ਫਗਵਾੜਾ, ਬਹਿਰਾਮ, ਬੰਗਾ ਤੇ ਰਾਹੋਂ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਨੂੰ ਧਾੜਵੀ ਲੁੱਟ ਤੇ ਜਬਰ ਜ਼ੁਲਮ ਦਾ ਸ਼ਿਕਾਰ ਬਣਾਉਂਦੇ ਹਨ। ਇਸ ਦੇ ਆਲੇ-ਦੁਆਲੇ ਦੇ ਉਚੀ ਥਾਂ ਵਸਦੇ ਪਿੰਡਾਂ ਦੇ ਥੇਹ ਉਨ੍ਹਾਂ ਸਮਿਆਂ ਦੀ ਦਾਸਤਾਨ ਦਾ ਸਬੂਤ ਹਨ।

ਅਦੀਨਾਂ ਬੇਗ ਦੀ ਮੌਤ ਤੋਂ ਬਾਅਦ ਨਵਾਬ ਕਪੂਰ ਸਿੰਘ ਜਲੰਧਰ ਦੇ ਇਲਾਕੇ 'ਤੇ ਕਾਬਜ਼ ਹੋ ਗਿਆ ਸੀ। ਸੰਨ 1720 ਵਿਚ ਨਵਾਬ ਕਪੂਰ ਸਿੰਘ ਨੇ ਆਪਣੇ ਭਰਾ ਖੁਸ਼ਹਾਲ ਸਿੰਘ ਨੂੰ ਮਿਸਲ ਦੀ ਸਰਦਾਰੀ ਸੌਂਪ ਦਿੱਤੀ ਤੇ ਦਸਤਾਰ ਸਰਦਾਰ ਜੱਸਾ ਸਿੰਘ

ਗਰੀਬ ਮਜ਼ਦੂਰ ਸ਼੍ਰੇਣੀ ਲਈ ਇਹ ਗੁਲਾਮੀ ਦਾ ਭਿਆਨਕ ਦੌਰ ਸੀ। ਬਚਪਨ ਵਿਚ ਬਾਕੀ ਬੱਚਿਆਂ ਵਾਂਗ ਹੀ ਬਾਬਾ ਅਮਰ ਸਿੰਘ ਨੇ ਪਸ਼ੂ ਚਾਰਦਿਆਂ ਕੱਟਿਆ। ਉਨ੍ਹਾਂ ਨੇ ਆਪਣੀ ਜ਼ੁਬਾਨੀ ਕਿਹਾ:

> **1906 ਦੀ ਗੱਲ ਹੈ। ਉਨ੍ਹਾਂ ਦਿਨਾਂ ਵਿਚ ਪੰਜਾਬ ਦੀ ਕਿਸਾਨੀ ਦੀ ਹਾਲਤ ਬਹੁਤ ਭੈੜੀ ਸੀ। ਲਗਾਤਾਰ ਔੜ ਅਤੇ ਪਾਣੀ ਦੇ ਵਸੀਲਿਆਂ ਦੀ ਘਾਟ ਕਾਰਨ ਕਿਸਾਨ ਤਬਾਹ ਹੋ ਗਿਆ ਸੀ। ਸੰਧਵਾਂ ਦੇ ਆਲੇ-ਦੁਆਲੇ ਦਾ ਢੱਕ ਦਾ ਇਲਾਕਾ ਕਲਰੀ ਜ਼ਮੀਨ ਵਾਲਾ ਸੀ। ਇਸ ਮੰਦਹਾਲੀ ਦੇ ਦੌਰ 'ਚ ਦੁਆਬੇ ਦੇ ਬਹੁਤ ਸਾਰੇ ਕਿਸਾਨਾਂ ਨੇ ਆਪਣਾ ਦੇਸ਼ ਛੱਡ ਕੇ ਬਾਹਰਲੇ ਦੇਸ਼ਾਂ ਵੱਲ ਜਾਣਾ ਆਰੰਭ ਕਰ ਦਿੱਤਾ। ਇਨ੍ਹਾਂ ਹਲਾਤਾਂ ਦੇ ਮਦੇਨਜ਼ਰ ਮੈਂ ਭੀ ਆਪਣੇ ਮਿੱਤਰ ਹਰੀ ਸਿੰਘ ਸੂੰਢ ਨਾਲ ਵਿਦੇਸ਼ ਜਾਣ ਲਈ ਵਿਚਾਰ ਕਰਨ ਲੱਗਾ। ਭਾਈ ਹਰੀ ਸਿੰਘ ਸੂੰਢ ਕਨੇਡਾ ਪਹੁੰਚ ਗਏ, ਜਦੋਂ ਕਿ ਮੈਂ ਘਰਦਿਆਂ ਦੀ ਅਸਹਿਮਤੀ ਹੋਣ ਕਰਕੇ ਜਾਣੋਂ ਰਹਿ ਗਿਆ। ਕਨੇਡਾ ਪੁੱਜ ਕੇ 1906 ਵਿਚ ਭਾਈ ਹਰੀ ਸਿੰਘ ਸੂੰਢ ਨੇ ਮੈਨੂੰ ਚਿੱਠੀਆਂ ਰਾਹੀਂ ਕਨੇਡਾ ਆਉਣ ਲਈ ਵਾਰ-ਵਾਰ ਕਿਹਾ। ਬਾਪ ਦੇ ਮਨ੍ਹਾਂ ਕਰਨ ਦੇ ਬਾਵਜੂਦ ਅਮਰ ਮੈਂ ਵਿਦੇਸ਼ ਜਾਣ ਲਈ ਹੁਣ ਬਜ਼ਿੱਦ ਸੀ। ਉਸਦੇ ਵਾਰ-ਵਾਰ ਲਿਖਣ 'ਤੇ ਮੈਂ ਤੇ ਪਿੰਡ ਦੇ ਤੇਰਾਂ ਹੋਰ ਮੁੰਡੇ ਕਨੇਡਾ ਜਾਣ ਲਈ ਤਿਆਰ ਹੋ ਗਏ।[8]**

1906 ਦੀਆਂ ਗਰਮੀਆਂ ਵਿਚ ਅਮਰ ਸਿੰਘ ਸਮੇਤ ਪਿੰਡ ਦੇ ਹੋਰ ਤੇਰਾਂ ਬੰਦਿਆਂ ਨਾਲ ਫਿਲੌਰ ਦੇ ਰੇਲਵੇ ਸਟੇਸ਼ਨ 'ਤੇ ਪੁੱਜੇ। ਉਹਨਾਂ ਨੂੰ ਵਿਦਿਆ ਕਰਨ ਲਈ ਪਿੰਡ ਦੇ ਹੋਰ ਲੋਕ ਫਿਲੌਰ ਰੇਲਵੇ ਸਟੇਸ਼ਨ ਤੱਕ ਉਹਨਾਂ ਨਾਲ ਗਏ। ਫਿਲੌਰ ਤੋਂ ਕਲਕੱਤਾ ਪਹੁੰਚਣ ਲਈ ਗੱਡੀ ਵਿਚ ਬੈਠਣ ਦਾ ਇਹ ਉਹਨਾਂ ਲਈ ਪਹਿਲਾ ਮੌਕਾ ਸੀ। ਉਹਨਾਂ ਇਹ ਵੀ ਸੁਣਿਆ ਹੋਇਆ ਸੀ ਕਿ ਉਹਨਾਂ ਤੋਂ ਪਹਿਲਾਂ ਫਰਾਲੇ ਤੇ ਸੰਧਵਾਂ ਤੋਂ ਜਦੋਂ ਵਿਦੇਸ਼ ਨੂੰ ਜਾਣ ਲਈ ਬੰਦੇ ਕਲਕੱਤੇ ਪੁੱਜੇ ਤਾਂ ਉਹਨਾਂ ਦੂਰ ਤੱਕ ਪਾਣੀ ਹੀ ਪਾਣੀ ਦੇਖ ਕੇ ਡਰਦਿਆਂ ਸਮੁੰਦਰੀ ਜਹਾਜ਼ ਵਿਚ ਚੜ੍ਹਨ ਤੋਂ ਇਨਕਾਰ ਕਰ ਦਿੱਤਾ ਸੀ। ਦੋ ਦਿਨਾਂ ਪਿੱਛੋਂ ਗੱਡੀ ਕਲਕੱਤੇ ਪੁੱਜੀ, ਜਿੱਥੇ ਇਹਨਾਂ ਵਰਗੇ ਪੰਜ ਸੌ ਦੇ ਕਰੀਬ ਹੋਰ ਮੁਸਾਫਰ ਸਨ। ਰਾਤ ਸਮੇਂ ਇਹ ਸਾਰੇ ਸਮੁੰਦਰੀ ਜਹਾਜ਼ ਵਿਚ ਬੈਠ ਕੇ ਅਗਲੀ ਮੰਜ਼ਿਲ ਵੱਲ ਰਵਾਨਾ ਹੋ ਗਏ। ਕੁਝ ਦਿਨਾਂ ਪਿੱਛੋਂ ਜਹਾਜ਼ ਹਾਂਗ-ਕਾਂਗ ਦੀ ਬੰਦਰਗਾਹ 'ਤੇ ਪੁੱਜਾ। ਜਹਾਜ਼ੋਂ ਉਤਰ ਕੇ ਸਾਰੇ ਮੁਸਾਫ਼ਰ ਹਾਂਗ-ਕਾਂਗ ਦੇ ਗੁਰਦੁਆਰੇ ਵਿਚ ਚਲੇ ਗਏ। ਗੁਰਦੁਆਰੇ ਦੇ ਪ੍ਰਬੰਧਕਾਂ ਦੇ ਸੇਵਾ ਭਾਵ ਵਾਲੇ ਵਿਵਹਾਰ ਅਤੇ ਉਥੇ ਦੇ ਮਾਹੌਲ ਕਰਕੇ ਕੋਈ ਬੇਗਾਨਗੀ ਮਹਿਸੂਸ ਤਾਂ ਕੀ ਹੋਣੀ ਸੀ, ਸਗੋਂ ਉਹਨਾਂ ਨੂੰ ਆਪਣੇ ਦੇਸ਼ ਦੀ ਧਰਤੀ ਦਾ ਭੁਲੇਖਾ ਪੈਂਦਾ ਸੀ। ਜਿੰਨੇ ਵੀ ਭਾਰਤ ਤੋਂ ਮੁਸਾਫ਼ਰ ਖਾਸ ਕਰਕੇ ਪੰਜਾਬੀ ਕਨੇਡਾ ਜਾਣ ਸਮੇ ਰਸਤੇ ਵਿਚ ਪੈਂਦੇ ਹਾਂਗ-ਕਾਂਗ ਪੜਾਅ ਕਰਦੇ ਸਨ, ਜਿਥੋਂ ਅਗੇ ਜਾਣ ਲਈ ਦੇਸ਼ ਦੀ ਚੋਣ ਅਤੇ ਜਹਾਜ਼ ਦਾ ਪ੍ਰਬੰਧ ਕਰਨਾ ਹੁੰਦਾ ਸੀ। ਕਈ ਵਾਰ ਇੱਥੇ ਕਈ

ਸੀ ਤੇ ਉਸ ਨੇ ਇਥੋਂ ਦੇ ਲੋਕਾਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ। ਛੇਤੀਂ ਹੀ ਇਕ ਪਹਾੜੀ ਉਪਰ ਜ਼ਮੀਨ ਪੱਧਰੀ ਕਰਨ ਦਾ ਕੰਮ ਮਿਲ ਗਿਆ, ਇਹ ਪਹਾੜੀ ਇਕ ਮੀਲ ਉੱਚੀ ਸੀ। ਕੰਮ ਵਾਲੀ ਥਾਂ 'ਤੇ ਹੀ ਇਹਨਾਂ ਨੂੰ ਆਟਾ ਭੇਜ ਦਿੱਤਾ ਗਿਆ, ਪਾਣੀ ਦਾ ਕੋਈ ਠੀਕ ਪ੍ਰਬੰਧ ਨਹੀਂ ਸੀ। ਦੋ ਹਫ਼ਤੇ ਤੱਕ ਪ੍ਰਬੰਧਕਾਂ ਨੇ ਉਨ੍ਹਾਂ ਦੀ ਕੋਈ ਖ਼ਬਰ ਸਾਰ ਹੀ ਨਾ ਲਈ। ਸਖ਼ਤ ਕੰਮ ਤੇ ਗੰਦੇ ਪਾਣੀ ਨਾਲ ਵਕਤ ਟਪਾਉਣ ਤੋਂ ਤੰਗ ਆ ਕੇ ਉਹਨਾਂ ਨੇ ਕੰਮ ਛੱਡ ਦੇਣ ਦਾ ਫੈਸਲਾ ਕੀਤਾ। ਰਸਤੇ ਵਿਚ ਪੈਂਦੇ ਸਾਂਤਾ ਕਰਾਗਾ ਦੇ ਸਥਾਨ ਉਤੇ ਹੀ ਇਕ ਖੰਡ ਦੀ ਮਿੱਲ ਸੀ, ਜਿਸ ਵਿਚ ਜਾਪਾਨੀ ਮਜ਼ਦੂਰ ਕੰਮ ਕਰਦੇ ਸਨ। ਇਸ ਮਿੱਲ ਦਾ ਮੈਨੇਜਰ ਇਕ ਗੋਰਾ ਸੀ। ਇਕ ਦਿਨ ਜੱਕੋ-ਤੱਕੋ ਕਰਦਿਆਂ ਅਮਰ ਸਿੰਘ ਤੇ ਸਾਥੀ ਹੌਂਸਲਾ ਕਰਕੇ ਮਿੱਲ ਮੈਨੇਜਰ ਨੂੰ ਮਿਲੇ ਅਤੇ ਕੰਮ ਕਰਨ ਦੀ ਇੱਛਾ ਪ੍ਰਗਟ ਕੀਤੀ। ਮੈਨੇਜਰ ਦੀ ਇਜਾਜ਼ਤ ਨਾਲ ਅਮਰ ਸਿੰਘ ਤੇ ਸਾਥੀ ਖੰਡ ਮਿੱਲ ਵਿਚ ਕੰਮ ਕਰਨ ਲੱਗ ਪਏ। ਉਹਨਾਂ ਨੂੰ ਦਸ ਘੰਟੇ ਕੰਮ ਕਰਨ ਬਦਲੇ ਡੇਢ ਡਾਲਰ ਮਿਲਦਾ ਸੀ।[12]

ਏਥੇ ਅਮਰ ਸਿੰਘ ਨੂੰ ਬਵਾਸੀਰ ਹੋ ਗਈ। ਇਨ੍ਹਾਂ ਦੇ ਸਾਥੀ ਬਿਲਗਾ ਵਾਲੇ ਅਮਰ ਚੰਦ ਨੇ ਅਮਰ ਸਿੰਘ ਤੇ ਆਪਣੇ ਇਕ ਹੋਰ ਸਾਥੀ ਨੂੰ 'ਲੀਮਾ' ਦੇ ਇਕ ਹਸਪਤਾਲ ਵਿਚ ਪਹੁੰਚਾਇਆ। ਲੀਮਾ ਹਸਪਤਾਲ ਨਦੀ ਕਿਨਾਰੇ ਇਕ ਸੁੰਦਰ ਇਮਾਰਤ ਵਿਚ ਸੀ, ਜਿਸਦੇ ਚਾਰ-ਚੁਫੇਰੇ ਫੁੱਲ ਲੱਦੇ ਬਾਗ ਸਨ। ਤੁਰੰਤ ਚੈੱਕ-ਅਪ ਕਰਕੇ ਇਨ੍ਹਾਂ ਨੂੰ ਕਮਰੇ ਵਿਚ ਲਿਜਾ ਕੇ ਇਲਾਜ ਸ਼ੁਰੂ ਕਰ ਦਿੱਤਾ ਗਿਆ। ਅਮਰ ਸਿੰਘ ਦਾ ਆਪ੍ਰੇਸ਼ਨ ਕੀਤਾ ਗਿਆ ਤੇ ਮਹੀਨਾ ਭਰ ਉਸਨੂੰ ਹਸਪਤਾਲ ਵਿਚ ਰਖਿਆ ਗਿਆ। ਹਸਪਤਾਲ ਵਿਚ ਠਹਿਰਨ ਦੌਰਾਨ ਉਹਨਾਂ ਸਪੇਨੀ ਭਾਸ਼ਾ ਬੋਲਣੀ ਸਿੱਖ ਲਈ। ਦੂਜੇ ਮਰੀਜ਼ਾਂ ਨੂੰ ਅਮਰ ਸਿੰਘ ਨਾਲ ਗੱਲ-ਬਾਤ ਕਰਨ ਤੋਂ ਪਤਾ ਲੱਗ ਗਿਆ ਸੀ ਕਿ ਅਮਰ ਸਿੰਘ ਗੁਲਾਮ ਦੇਸ਼ ਦਾ ਨਾਗਰਿਕ ਹੈ, ਤਾਂ ਉਹ ਅਮਰ ਸਿੰਘ ਨਾਲ ਨਫ਼ਰਤ ਦੀ ਦ੍ਰਿਸ਼ਟੀ ਨਾਲ ਵਿਵਹਾਰ ਕਰਨ ਲੱਗ ਪਏ। ਇਹ ਜਾਣ ਕੇ ਬਾਬਾ ਅਮਰ ਸਿੰਘ ਨੂੰ ਅਹਿਸਾਸ ਹੋ ਗਿਆ ਕਿ ਗੁਲਾਮ ਹੋਣਾ ਪਾਪ ਹੈ। ਹਸਪਤਾਲ ਵਿਚ ਦੋ ਗੱਲਾਂ ਨੇ ਉਨ੍ਹਾਂ ਨੂੰ ਜ਼ਿਆਦਾ ਪ੍ਰਭਾਵਿਤ ਕੀਤਾ। ਪਹਿਲਾ ਕਿ ਬਹੁਤ ਚੰਗੇ ਪ੍ਰਬੰਧ ਵਾਲੇ ਹਸਪਤਾਲ ਵਿਚ ਮੁਫ਼ਤ ਤੇ ਸੇਵਾ ਦੀ ਭਾਵਨਾ ਨਾਲ ਉਹਨਾਂ ਦਾ ਕੀਤਾ ਗਿਆ ਇਲਾਜ, ਦੂਜਾ ਕਿ ਉਥੋਂ ਦੇ ਲੋਕਾਂ ਵੱਲੋਂ ਉਸ ਨੂੰ ਗੁਲਾਮ ਦੇਸ਼ ਦਾ ਨਾਗਰਿਕ ਸਮਝ ਕੇ ਭੈੜਾ ਵਿਵਹਾਰ। ਹਸਪਤਾਲ ਵਿਚ ਗੁਜਾਰੇ ਇਸ ਸਮੇਂ ਨੇ ਅਮਰ ਸਿੰਘ ਦੀ ਸੋਚ ਵਿਚ ਪ੍ਰੀਵਰਤਨ ਲੈ ਆਂਦਾ ਅਤੇ ਇਨ੍ਹਾਂ ਗੱਲਾਂ ਨੇ ਉਨ੍ਹਾਂ ਦੇ ਮਨ, ਮਸਤਕ 'ਤੇ ਗਹਿਰਾ ਅਸਰ ਕੀਤਾ ਸੀ। ਉਸ ਨੇ ਦੋ ਨੁਕਤਿਆਂ ਨੂੰ ਆਪਣੇ ਜੀਵਨ ਦਾ ਅਸੂਲ ਬਣਾ ਲਿਆ। ਪਹਿਲਾ ਅਸੂਲ ਸੀ ਕਿ ਮਨੁੱਖਤਾ ਦੇ ਭਲੇ ਲਈ ਹੱਥੋਂ ਦਾਨ ਦੇਣਾ, ਦੂਜਾ ਗੁਲਾਮੀ ਨੂੰ ਗਲੋਂ ਲਾਹੁਣ ਲਈ ਦੇਸ਼ ਦੀ ਅਜ਼ਾਦੀ ਦੇ ਘੋਲ ਵਿਚ ਹਿੱਸਾ ਪਾਉਣਾ।[13]

1907 ਵਿਚ ਉਹਨਾਂ ਨੂੰ ਪਤਾ ਲੱਗਾ ਕਿ ਬਾਬਾ ਜੁਆਲਾ ਸਿੰਘ ਠੱਠੀਆਂ



ਪਨਾਮਾ ਦੇ ਗ਼ਦਰੀ ਸਾਥੀਆਂ ਨਾਲ ਬਾਬਾ ਅਮਰ ਸਿੰਘ ਸੰਧਵਾਂ

ਦੀ ਉਸਾਰੀ ਤੋਂ ਬਾਅਦ ਅਮਰੀਕਾ ਨੇ ਇਸ ਉਤੇ ਕਬਜ਼ਾ ਹੀ ਕਰ ਲਿਆ ਸੀ।[15]

ਨਹਿਰ ਪਨਾਮਾ ਦੀ ਉਸਾਰੀ ਦੌਰਾਨ ਹਿੰਦੀ ਇਮੀਗਰਾਂਟ ਪਨਾਮਾ ਆ ਜਾਂਦੇ ਸਨ ਅਤੇ ਨਹਿਰ ਉਤੇ ਉਹ ਆਸਾਨੀ ਨਾਲ ਮਜ਼ਦੂਰੀ ਦਾ ਕੰਮ ਕਰਨ ਲੱਗ ਪੈਂਦੇ ਸਨ। ਉਸਾਰੀ ਤੋਂ ਬਾਅਦ ਜਹਾਜ਼ਰਾਨੀ ਸ਼ੁਰੂ ਹੋਣ ਨਾਲ ਇਹ ਜਹਾਜ਼ਾਂ ਉਤੇ ਸਮਾਨ ਦੀ ਲਦਾਈ ਤੇ ਲਹਾਈ ਦਾ ਕੰਮ ਕਰਨ ਲੱਗ ਪਏ ਸਨ। ਅਮਰੀਕਾ ਨੇ ਨਹਿਰ ਨੂੰ ਫਰੀ ਪੋਰਟ ਕਰਾਰ ਦੇ ਦਿੱਤਾ ਸੀ ਅਤੇ ਸਿੰਧੀ ਸੌਦਾਗਰਾਂ ਨੇ ਏਥੇ ਦੁਕਾਨਾ ਖੋਲ੍ਹ ਲਈਆਂ ਸਨ। ਉਸ ਤੋਂ ਬਾਅਦ ਪੰਜਾਬੀਆਂ ਨੇ ਵੀ ਆਪਣੇ ਸਟੋਰ ਖੋਲ੍ਹ ਲਏ ਸਨ। ਸਾਨਫਰਾਂਸਿਸਕੋ ਤੇ ਨਿਊਯਾਰਕ ਵਿਚਕਾਰ ਆਉਣ ਜਾਣ ਵਾਲੇ ਅਮਰੀਕੀ ਇਸ ਫਰੀ ਪੋਰਟ ਤੋਂ ਸਸਤੀਆਂ ਚੀਜ਼ਾਂ ਖਰੀਦ ਕੇ ਲੈ ਜਾਂਦੇ ਸਨ। ਪੰਜਾਬੀ ਮਜ਼ਦੂਰਾਂ ਦੀ ਕਮਾਈ ਦਾ ਇਹ ਸਾਧਨ ਬਣ ਗਿਆ ਸੀ। ਸ਼ਹਿਰ ਕੇਵਲ ਦੋ ਹੀ ਸਨ ਜਿਸ ਕਰਕੇ ਬਹੁਤੇ ਪ੍ਰਵਾਸੀਆਂ ਲਈ ਮਜ਼ਦੂਰੀ ਦੀ ਗੁੰਜਾਇਸ਼ ਬਹੁਤੀ ਨਹੀਂ ਸੀ।

ਬਾਬਾ ਅਮਰ ਸਿੰਘ ਸੰਧਵਾਂ ਜੀ ਆਪਣੇ ਬਿਆਨ ਵਿਚ ਦਸਦੇ ਹਨ :

**ਉਥੇ ਉਹਨਾਂ ਸੈਂਕੜੇ ਭਾਰਤੀਆਂ ਨੂੰ ਜ਼ਮਾਨਤਾਂ ਦੇ ਕੇ ਦਾਖਲ ਹੋਣ ਵਿਚ ਅਤੇ ਕੰਮ ਲੱਭਣ ਵਿਚ ਉਨ੍ਹਾਂ ਦੀ ਮਦਦ ਕੀਤੀ। ਪੰਜਾਬੀਆਂ ਦੀ ਇਸ ਵੱਡੀ ਗਿਣਤੀ ਵਿਚ ਬਹੁਤੇ ਬਾਬਾ ਅਮਰ ਸਿੰਘ ਦੀ ਸਹਾਇਤਾ ਸਦਕਾ ਇਥੇ ਸਥਾਪਤ ਹੋ ਚੁੱਕੇ ਸਨ। ਮੌਕਾ ਮਿਲਣ 'ਤੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਅਗੋਂ**

ਸੀ ਦਿੱਤੀ ਜਾਂਦੀ, ਤਾਂ ਉਹ ਪਨਾਮਾ ਚਲੇ ਜਾਂਦੇ ਅਤੇ ਛੇਤੀ ਹੀ ਇਸ ਦੇਸ਼ ਵਿਚ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਬਹੁਤ ਵੱਧ ਗਈ, ਜਿਹੜੀ ਉਥੋਂ ਦੇ ਬਰਤਾਨਵੀ ਅਧਿਕਾਰੀਆਂ ਨੂੰ ਪਸੰਦ ਨਹੀਂ ਸੀ। ਇਸ ਲਈ ਭਾਰਤ ਵਿਚ ਬਰਤਾਨਵੀ ਸਰਕਾਰ ਨੇ ਪਨਾਮਾ ਦੇ ਬਰਤਾਨਵੀ ਦੂਤ ਦੀ ਸਲਾਹ ਤੇ 27 ਅਕਤੂਬਰ 1911 ਨੂੰ ਇਕ ਐਲਾਨ ਜਾਰੀ ਕੀਤਾ, ਜੋ ਪੰਜਾਬੀ ਪ੍ਰਵਾਸੀਆਂ ਨੂੰ ਇਹ ਸੂਚਨਾ ਦਿੰਦਾ ਸੀ ਕਿ ਪਨਾਮਾ ਵਿਚ ਉਨ੍ਹਾਂ ਵਾਸਤੇ ਕੋਈ ਕੰਮ ਨਹੀਂ। ਇਸ ਤਰ੍ਹਾਂ ਦੇ 2-3 ਹੋਰ ਆਰਡਰ ਜਾਰੀ ਕੀਤੇ ਗਏ। ਜਿਹੜੇ ਹਿੰਦੀਆਂ ਨਾਲ ਨਸਲੀ ਵਿਤਕਰੇ ਦੇ ਚਿੰਨ੍ਹ ਸਨ, ਜਿਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਵਿਰੁੱਧ ਜ਼ਮੀਨ ਤਿਆਰ ਕਰ ਦਿੱਤੀ ਸੀ। ਜੂਨ 1913 ਨੂੰ ਪਾਰਟੀ ਦਾ ਆਗੂ ਗਿਆਨੀ ਭਗਵਾਨ ਸਿੰਘ ਪਨਾਮਾ ਆਇਆ ਅਤੇ ਉਸਨੇ ਪਾਰਟੀ ਇਕਾਈ ਦਾ ਗਠਨ ਸ਼ੁਰੂ ਕੀਤਾ। ਪਨਾਮਾ ਦੀ ਇਕਾਈ ਵਿਚ ਪੰਜਾਬੀਆਂ ਤੋਂ ਇਲਾਵਾ ਸਿੰਧੀ ਅਤੇ ਬੰਗਾਲੀ ਸ਼ਾਮਲ ਸਨ, ਜਿਨ੍ਹਾਂ ਵਿਚੋਂ ਮੁਖੀ ਸਨ ਜਲੰਧਰ ਦਾ ਭੂੱਲਾ ਸਿੰਘ, ਰੁੜਕੇ ਦਾ ਕਾਬਲ ਸਿੰਘ, ਮਹੇਸ਼ਰੀ ਦਾ ਨਿਧਾਨ ਸਿੰਘ ਅਤੇ ਹੁਗਲੀ ਦਾ ਖੁਦਾ ਬਖਸ਼। 'ਗ਼ਦਰ' ਪਾਰਟੀ ਲਈ ਚੰਦੇ ਇਕੱਠੇ ਕੀਤੇ ਜਾਣ ਲੱਗ ਪਏ, ਜਿਹੜੇ ਸਿੱਧੇ ਯੁਗਾਂਤਰ ਆਸ਼ਰਮ ਨੂੰ ਭੇਜੇ ਜਾਂਦੇ ਸਨ।[18]

ਅਮਰੀਕਾ ਵਿਚ ਜਦੋਂ ਲਾਲਾ ਹਰਦਿਆਲ ਨੂੰ ਗ੍ਰਿਫ਼ਤਾਰ ਕੀਤਾ ਗਿਆ, ਤਾਂ ਇਸ ਬਾਰੇ ਭਾਈ ਅਮਰ ਸਿੰਘ ਨੂੰ ਬਾਬਾ ਜੁਆਲਾ ਸਿੰਘ ਨੇ ਚਿੱਠੀ ਰਾਹੀਂ ਦੱਸਿਆ ਸੀ। ਪਨਾਮਾ ਵਿਚੋਂ ਬਾਬਾ ਜੁਆਲਾ ਸਿੰਘ ਦੇ ਕਹਿਣ 'ਤੇ ਹੀ ਭਾਈ ਅਮਰ ਸਿੰਘ ਤੇ ਸਾਥੀਆਂ ਵੱਲੋਂ ਗ਼ਦਰ ਪਾਰਟੀ ਦੀ ਮਦਦ ਲਈ ਪੈਸੇ ਭੇਜੇ ਗਏ ਸਨ। ਅਜਿਹਾ ਸਿਲਸਿਲਾ ਅਗੋਂ ਵੀ ਜਾਰੀ ਰਿਹਾ। 1913 ਵਿਚ ਇਕ ਚਿੱਠੀ ਬਾਬਾ ਜੁਆਲਾ ਸਿੰਘ ਵੱਲੋਂ ਭਾਈ ਅਮਰ ਸਿੰਘ ਨੂੰ ਲਿਖੀ ਗਈ, ਜਿਸ ਵਿਚ ਕਿਹਾ ਗਿਆ ਸੀ ਕਿ ਅਮਰੀਕਾ ਵਿਚ ਉਹ ਗ਼ਦਰ ਪਾਰਟੀ ਰਾਹੀਂ ਅੰਗਰੇਜ਼ੀ ਸਾਮਰਾਜ ਨਾਲ ਮੁਕਾਬਲਾ ਕਰਨ ਦੀ ਤਿਆਰੀ ਵਿਚ ਹਨ। ਅਮਰੀਕਾ ਵਿਚ ਗ਼ਦਰ ਪਾਰਟੀ ਦੇ ਪ੍ਰੋਗਰਾਮ ਬਾਰੇ ਵੀ ਖੁਲਾਸਾ ਕੀਤਾ ਗਿਆ ਸੀ। ਇਸ ਦੇ ਨਾਲ ਹੀ ਪਨਾਮਾ ਵਿਚ 'ਗ਼ਦਰ' ਅਖ਼ਬਾਰ ਵੀ ਭੇਜਿਆ ਜਾਣ ਲੱਗ ਪਿਆ ਸੀ।[19] ਅਮਰੀਕਾ ਤੇ ਕਨੇਡਾ ਅੰਦਰ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਦਾ ਅਸਰ ਦੂਜੇ ਟਾਪੂਆਂ ਵਿਚ ਰਹਿੰਦੇ ਪ੍ਰਵਾਸੀਆਂ ਉਪਰ ਵੀ ਪੈਣਾ ਸ਼ੁਰੂ ਹੋ ਗਿਆ ਸੀ। ਅਮਰ ਸਿੰਘ ਦੇ ਬਾਬਾ ਜੁਆਲਾ ਸਿੰਘ ਨਾਲ ਬਣੇ ਹੋਏ ਸੰਪਰਕਾਂ ਦੇ ਕਾਰਨ ਛੇਤੀ ਹੀ ਪਨਾਮਾ ਵਿਚ ਗ਼ਦਰ ਪਾਰਟੀ ਦੀ ਮਜ਼ਬੂਤ ਇਕਾਈ ਸਥਾਪਿਤ ਹੋ ਗਈ ਸੀ। ਇਸ ਇਕਾਈ ਦੇ 1914-15 ਦੇ ਗ਼ਦਰ ਵਿਚ ਸ਼ਾਮਲ ਹੋਣ ਬਾਰੇ ਕੋਈ ਤੱਥ ਉਪਲਬਧ ਨਹੀਂ ਲੇਕਿਨ ਮਾਲੀ ਸਹਾਇਤਾ ਕਰਨ ਵਿਚ ਇਸ ਕੇਂਦਰ ਦਾ ਵੱਡਾ ਯੋਗਦਾਨ ਰਿਹਾ। ਬਾਬਾ ਭਗਤ ਸਿੰਘ ਬਿਲਗਾ ਨੇ ਇਥੋਂ ਦਾ ਨੁਮਾਇੰਦਾ ਭਾਈ ਨਿਧਾਨ ਸਿੰਘ ਮਹੇਸ਼ਰੀ ਲਿਖਿਆ ਹੈ, ਜਦੋਂ ਕਿ ਉਸ ਦਾ ਅਜਿਹਾ ਹੋਣ ਬਾਰੇ ਕੋਈ ਪੁਖਤਾ ਸਬੂਤ ਨਹੀਂ ਮਿਲਦਾ। ਸੰਨ 1916 ਵਿਚ ਭਾਈ ਭਗਵਾਨ ਸਿੰਘ, ਸ.ਅਜੀਤ

ਵਰਤਨਾ ਸ਼ੁਰੂ ਕਰ ਦਿੱਤਾ ਸੀ। ਆਪਣੀ ਪਤਨੀ ਦੇ ਨਾਂ 1500 ਡਾਲਰ ਤੋਂ ਵੱਧ ਨਕਦੀ ਬੈਂਕ ਵਿਚ ਜਮਾਂ ਕਰਵਾ ਦਿੱਤੀ ਗਈ। ਦੋਸਤਾਂ ਦੇ ਨਾਂ ਜਾਇਦਾਦਾਂ ਖ਼ਰੀਦੀਆਂ। ਗੁਰਦੇਵ ਸਿੰਘ ਦਿਉਲ ਨੇ ਅਜਿਹਾ ਇਸ਼ਾਰਾ ਗਿ. ਭਗਵਾਨ ਸਿੰਘ ਵਲ ਵੀ ਕੀਤਾ ਹੈ। ਇਸ ਕਰਕੇ ਹੀ ਪਨਾਮਾ ਦੇ ਪ੍ਰਵਾਸੀਆਂ ਵਲੋਂ ਉਸ ਨੂੰ ਧਨ ਦੇਣੋ ਇਨਕਾਰ ਕਰ ਦਿੱਤਾ ਸੀ ਅਤੇ ਅਗੋਂ ਤੋਂ ਉਹ ਸਿੱਧਾ ਸਾਨਫ੍ਰਾਂਸਿਸਕੋ ਪਾਰਟੀ ਕੇਂਦਰ ਨੂੰ ਭੇਜਦੇ ਰਹੇ ਸਨ।

ਪਨਾਮਾ ਦੀ ਗ਼ਦਰ ਪਾਰਟੀ ਦੀਆ ਮੀਟਿੰਗਾਂ ਤੇ ਪ੍ਰੋਗਰਾਮਾਂ ਸਮੇਂ ਆਮ ਤੌਰ ’ਤੇ ਸਿੰਧੀਆਂ ਨੂੰ ਪ੍ਰਧਾਨਗੀ ਕਰਨ ਦਾ ਮਾਣ ਦਿੱਤਾ ਜਾਂਦਾ ਸੀ। ਇਕ ਮੀਟਿੰਗ ਤਾਂ ਹਰ ਹਫ਼ਤੇ ਲਾਜ਼ਮੀ ਹੁੰਦੀ, ਜੋ ਆਮ ਕਰਕੇ ਬਾਬਾ ਅਮਰ ਸਿੰਘ ਜਾਂ ਭਾਈ ਰਲਾ ਸਿੰਘ ਦੀ ਰਿਹਾਇਸ਼ ’ਤੇ ਹੁੰਦੀ ਸੀ। ਇੱਥੋ ਦਾ ਪਾਰਟੀ ਯੂਨਿਟ ਆਰਥਿਕ ਪੱਖੋਂ ਬੜਾ ਮਜ਼ਬੂਤ ਸੀ। ਗ਼ਦਰ ਹੈਡ-ਕੁਆਟਰ ਨੂੰ ਇਥੋ ਸਮੇਂ-ਸਮੇਂ ਮਾਲੀ ਸਹਾਇਤਾ ਪਹੁੰਚਾਈ ਜਾਂਦੀ ਸੀ। ਇਹ ਜ਼ੁੰਮੇਵਾਰੀ ਬਾਬਾ ਅਮਰ ਸਿੰਘ ਨਿਭਾਉਂਦੇ ਸਨ। ਉਹ ਕੋਲੋਨ ਤੋਂ “ਸਿਟੀ ਬੈਂਕ ਆਫ ਨਿਊਯਾਰਕ” ਰਾਹੀਂ ਸਾਨਫਰਾਂਸਿਸਕੋ ਕੇਂਦਰ ਨੂੰ ਪੈਸੇ ਭੇਜਦੇ ਸਨ। ਸੰਨ 1922 ਵਿਚ ਭਾਈ ਰਤਨ ਸਿੰਘ ਡੱਬਾ ਪਨਾਮਾ ਪੁੱਜੇ ਅਤੇ ਉਥੋਂ ਦੇ ਹਿੰਦੀਆਂ ਨੂੰ ਉਨ੍ਹਾਂ ਗ਼ਦਰ ਪਰਟੀ ਦੇ ਨਵੇਂ ਪ੍ਰੋਗਰਾਮਾ ਤੋਂ ਜਾਣੂ ਕਰਵਾਇਆ। ਇਹ ਉਹ ਪ੍ਰੋਗਰਾਮ ਸੀ, ਜਿਹੜਾ ਭਾਈ ਸੰਤੋਖ ਸਿੰਘ ਤੇ ਭਾਈ ਰਤਨ ਸਿੰਘ ਡੱਬਾ ਮਾਸਕੋ ਤੋਂ ਲੈ ਕੇ ਆਏ ਸਨ। ਜਿਉਂ ਜਿਉਂ ਪਨਾਮਾ ਦੀ ਗ਼ਦਰ ਪਾਰਟੀ ਮਜ਼ਬੂਤ ਹੁੰਦੀ ਗਈ, ਅੰਗਰੇਜ਼ੀ ਖ਼ੁਫੀਆ ਵਿਭਾਗ ਦੀ ਚੌਕਸੀ ਵਧਦੀ ਗਈ।

## ਨਿਪੁੰਨ ਕਾਰੋਬਾਰੀ

ਗ਼ਦਰ ਪਾਰਟੀ ਦੇ ਗਠਨ ਤੇ ਇਸ ਦੀਆਂ ਜ਼ੁੰਮੇਵਾਰੀਆਂ ਨਿਭਾਉਣ ਦੇ ਨਾਲ ਬਾਬਾ ਅਮਰ ਸਿੰਘ ਸੰਧਵਾਂ ਨੇ ਆਪਣੇ ਕੱਪੜੇ ਦੇ ਕਾਰੋਬਾਰ ਵਿਚ ਬਹੁਤ ਉਨੱਤੀ ਕੀਤੀ ਸੀ। ਉਹ ਭਾਵੇਂ ਅਨਪੜ੍ਹ ਸਨ, ਪਰੰਤੂ ਤਿੱਖੀ-ਸੂਝ ਤੇ ਦੂਰ ਅੰਦੇਸ਼ੀ ਨੇ ਉਨ੍ਹਾਂ ਦੇ ਕਾਰੋਬਾਰ ਨੂੰ ਸਿਖਰਾਂ ਤੇ ਪਹੁੰਚਾ ਦਿੱਤਾ ਸੀ। ਮਿਹਨਤ ਮਜ਼ਦੂਰੀ ਕਰਨ ਪਿੱਛੋਂ ਉਨ੍ਹਾਂ ਡੱਗੀ ਲਾ ਕੇ ਕੱਪੜਾ ਵੇਚਣਾ ਸ਼ੁਰੂ ਕੀਤਾ ਸੀ ਜੋ ਵਧਦਾ-ਵਧਦਾ ਕੰਪਨੀਆਂ ਵਿਚ ਤਬਦੀਲ ਹੋ ਗਿਆ ਸੀ। ਸੰਨ 1911 ਵਿਚ ਉਨ੍ਹਾਂ ਪਹਿਲੀ ਕੰਪਨੀ ਬਣਾਈ ਸੀ। ਇਸ ਕੰਪਨੀ ਵਿਚ ਭਾਈ ਅਮਰ ਸਿੰਘ ਤੋਂ ਬਿਨਾਂ ਭਾਈ ਵਰਿਆਮ ਸਿੰਘ ਤੇ ਭਾਈ ਕਾਲਾ ਸਿੰਘ ਭਾਈਵਾਲ ਸ਼ਾਮਿਲ ਸਨ। ‘ਏ.ਵੀ.ਕਾਲਾ ਸਿੰਘ ਐਂਡ ਕੰਪਨੀ’ ਨਾਂ ਦੀ ਕੰਪਨੀ ਦੀ ਪ੍ਰਸਿੱਧੀ ਅਤੇ ਭਾਈ ਅਮਰ ਸਿੰਘ ਦੇ ਪਰਉਪਕਾਰੀ ਸੁਭਾਅ ਕਰਕੇ ਪਨਾਮਾ ਵਿੱਚ ਉਨ੍ਹਾਂ ਦੀ ਬੜੀ ਇਜ਼ਤ ਸੀ। ਉਨ੍ਹਾਂ ਸੈਂਕੜੇ ਹਿੰਦੀਆਂ ਨੂੰ ਜ਼ਮਾਨਤਾਂ ਦੇ ਕੇ ਪਨਾਮਾ ਅੰਦਰ ਦਾਖ਼ਲ ਹੀ ਨਹੀਂ ਕਰਾਇਆ, ਸਗੋਂ ਉਹਨਾਂ ਨੂੰ ਉਹ ਕੰਮ ਦੁਆਉਣ, ਕੰਮ ਚਲਾਉਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਵੀ ਕਰਦੇ ਸਨ। ਨਵੇਂ ਆਏ ਹਿੰਦੀਆਂ ਨੂੰ ਕੰਮ ਨਾ ਮਿਲਣ ਦੀ ਸੂਰਤ ਵਿਚ ਭਾਈ ਅਮਰ ਸਿੰਘ ਆਪਣੇ ਪਾਸ ਰੱਖਦੇ। ਅਜਿਹਾ

ਦਾਖ਼ਲਾ ਬੰਦ ਕਰ ਦਿੱਤਾ ਗਿਆ ਸੀ। ਪਨਾਮਾ ਵਿਚ ਵੀ ਇਹ ਪਾਬੰਦੀ ਲੱਗਾ ਦਿੱਤੀ ਗਈ ਸੀ। ਭਾਈ ਅਮਰ ਸਿੰਘ ਤੇ ਉਸਦੇ ਸਾਥੀ ਤੁਰੰਤ ਪਨਾਮਾ ਦੇ ਗਵਰਨਰ ਨੂੰ ਮਿਲੇ ਤੇ ਇਨ੍ਹਾਂ ਦੇ ਹਾਲਤਾਂ ਤੇ ਮਜਬੂਰੀਆਂ ਤੋਂ ਉਸਨੂੰ ਜਾਣੂ ਕਰਵਾਉਂਦਿਆਂ ਦੱਸਿਆ ਕਿ ਇਹ ਲੋਕ ਤਾਂ ਆਪਣਾ ਘਰ-ਬਾਰ ਵੇਚ ਕੇ ਇਥੇ ਪਹੁੰਚੇ ਹਨ, ਜਿਨ੍ਹਾਂ ਦਾ ਹੁਣ ਹੋਰ ਕੋਈ ਟਿਕਾਣਾ ਵੀ ਨਹੀਂ, ਇਸ ਕਰਕੇ ਇਨ੍ਹਾਂ ਨੂੰ ਹੋਰ ਪ੍ਰੇਸ਼ਾਨ ਨਾ ਕੀਤਾ ਜਾਵੇ। ਗਵਰਨਰ ਉਨ੍ਹਾਂ ਦੀ ਦਲੀਲ ਸੁਣ ਕੇ ਏਨਾਂ ਪ੍ਰਭਾਵਿਤ ਹੋਇਆ ਕਿ ਉਸਨੇ ਜਮਾਨਤਾਂ ਲੈ ਕੇ ਉਨ੍ਹਾਂ ਨੂੰ ਤੁਰੰਤ ਪਨਾਮਾ ਵਿਚ ਉਤਰਨ ਦੀ ਇਜਾਜ਼ਤ ਦੇ ਦਿੱਤੀ। ਇਨ੍ਹਾਂ ਵਿਚੋਂ ਕਈਆਂ ਨੂੰ ਅੱਗੋਂ ਯੋਗ ਸਮੇਂ ਪ੍ਰਬੰਧ ਕਰਕੇ ਉਨਾਂ ਨੂੰ ਅਮਰੀਕਾ ਭੇਜਣ ਵਿਚ ਵੀ ਮਦਦ ਕੀਤੀ ਗਈ। ਇਨ੍ਹਾਂ ਪਰਉਪਕਾਰਾਂ ਸਦਕਾ ਉਹ ਉਥੋਂ ਦੇ ਪ੍ਰਵਾਸੀਆਂ ਵਿਚ ਨਾਮਵਰ ਹਸਤੀ ਵਜੋਂ ਸਤਿਕਾਰੇ ਜਾਂਦੇ ਸਨ ਤੇ ਲੋੜ ਪੈਣ 'ਤੇ ਭਾਈ ਅਮਰ ਸਿੰਘ ਦੀ ਅਵਾਜ਼ ਤੇ ਹਿੰਦੀ ਇਕੱਠੇ ਹੋ ਜਾਂਦੇ ਸਨ।[21]

ਪਨਾਮਾ ਦੀ ਗ਼ਦਰ ਪਾਰਟੀ ਦੇ ਇਕ ਹੋਰ ਆਗੂ ਅਮਰ ਸਿਘ ਮਾਨ ਆਪਣੇ ਨਾਲ ਵਾਪਰੀ ਅਜਿਹੀ ਹੀ ਇੱਕ ਘਟਨਾ ਦਾ ਖੁਲਾਸਾ ਕਰਦੇ ਹਨ:

> **ਅਕਤੂਬਰ 1924 ਨੂੰ ਅਸੀਂ ਜਾਪਾਨ ਤੋਂ ਸਾਨਫ੍ਰਾਂਸਿਸਕੋ ਪਹੁੰਚੇ। ਚਾਰ ਦਿਨ ਉਥੇ ਜਹਾਜ਼ ਖੜ੍ਹਾ ਰਿਹਾ। ਅਸੀਂ 32 ਆਦਮੀ ਸਾਂ, ਜਿਨ੍ਹਾਂ ਪਨਾਮੇ ਥਾਣੀ ਹੋ ਕੇ ਕਿਊਬੇ ਜਾਣਾ ਸੀ। ਅੱਖਾਂ ਵਿਚ ਨੁਕਸ ਹੋਣ ਕਰਕੇ ਕਿਊਬੇ ਦੋ ਮਹੀਨੇ ਕੁਰਾਟੀਨ* ਵਿਚ ਕਟੇ। ਉਥੋਂ ਪਨਾਮਾ ਆ ਗਏ। ਪਨਾਮਾ ਦੇ ਹਿੰਦੀਆਂ ਦਾ ਇਮੀਗ੍ਰੇਸ਼ਨ ਨਾਲ ਬੜਾ ਰਸੂਖ ਸੀ। ਉਹਨਾਂ ਦੇ ਕਹਿਣ ਪਰ ਡਾਕਟਰ ਨੇ ਬਿਨਾਂ ਦੇਖਿਆਂ ਹੀ ਸਾਨੂੰ ਸਾਰਿਆਂ ਨੂੰ ਉਤਰਨ ਦੀ ਆਗਿਆ ਦੇ ਦਿੱਤੀ।**[22]

ਨਿਰਸੰਦੇਹ ਭਾਈ ਅਮਰ ਸਿੰਘ ਮਾਨ ਦਾ ਇਸ਼ਾਰਾ ਭਾਈ ਅਮਰ ਸਿੰਘ ਸੰਧਵਾਂ ਤੇ ਉਥੋਂ ਦੀ ਗ਼ਦਰ ਪਾਰਟੀ ਦੇ ਦੂਜੇ ਸਾਥੀਆਂ ਭਾਈ ਕਾਬਲ ਸਿੰਘ ਰੁੜਕਾ ਤੇ ਭਾਈ ਰਲਾ ਸਿੰਘ ਵਲ ਹੈ।*

ਭਾਈ ਅਮਰ ਸਿੰਘ ਸੰਧਵਾਂ ਪਨਾਮਾ ਦੀ ਗ਼ਦਰ ਪਾਰਟੀ ਦੇ ਪ੍ਰਧਾਨ ਹੋਣ ਦੇ ਨਾਤੇ, ਕਰਤਾ ਧਰਤਾ ਵੀ ਆਪ ਹੀ ਸਨ। ਰੁਜ਼ਗਾਰ ਲਈ ਬਾਬਾ ਦੁੱਲ੍ਹਾ ਸਿੰਘ ਜਲਾਲਦੀਵਾਲ ਇਕ ਸੌ ਸੱਠ ਆਦਮੀਆਂ ਸਮੇਤ ਸੰਨ 1924 ਵਿਚ ਪਨਾਮਾ ਪਹੁੰਚੇ ਸਨ। ਉੱਥੋਂ ਦੀ ਗ਼ਦਰ ਪਾਰਟੀ ਦੇ ਤਾਣੇ ਬਾਣੇ ਬਾਰੇ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਨੇ ਖੁਲਾਸਾ ਕੀਤਾ:

> **ਅਸੀਂ 85 ਆਦਮੀ ਇਕੱਠੇ ਹੋ ਕੇ ਪਨਾਮਾ ਤੱਕ ਪਹੁੰਚੇ। ਉਥੇ ਭਾਈ ਅਮਰ ਸਿੰਘ ਸੰਧਵਾਂ, ਦਲੀਪ ਸਿੰਘ ਬੱਡੋਂ, ਰਲਾ ਸਿੰਘ, ਵਰਿਆਮ ਸਿੰਘ, ਚੰਨਣ ਸਿੰਘ ਚੂਹੜਚੱਕ ਆਦਿ ਗ਼ਦਰ ਪਾਰਟੀ ਦੇ ਮੈਂਬਰ ਸਨ। ਜਿਹੜੇ ਉਗਰਾਹੀ ਕਰਕੇ ਸਾਨਫ੍ਰਾਂਸਿਸਕੋ ਨੂੰ ਭੇਜਦੇ ਹੁੰਦੇ ਸਨ। ਅਮਰ ਸਿੰਘ ਸੰਧਵਾਂ ਪ੍ਰਧਾਨ ਸਨ। ਵਾਚਮੈਨ ਤੇ ਮਜ਼ਦੂਰਾਂ ਪਾਸੋਂ 2 ਡਾਲੇ ਤੇ ਵਪਾਰ ਕਰਨ ਵਾਲਿਆਂ ਤੋਂ ਪੰਜ**

ਦਸ ਹਜ਼ਾਰ ਚਾਰ ਸੌ ਸੱਤਰ ਰੁਪਏ ਦਿੱਤੇ ਸਨ, ਜਿਹੜੇ ਉਸ ਸਮੇਂ ਬੜਾ ਮਹੱਤਵ ਰੱਖਦੇ ਸਨ। ਇਸ ਉਗਰਾਹੀ ਦਾ ਵਿਸਥਾਰ :

**ਜ਼ਿਲ੍ਹਾ ਜਲੰਧਰ**

- *ਭਾਈ ਕਾਬਲ ਸਿੰਘ ਰੁੜਕਾ ਕਲਾਂ 115-8-8,*
- *ਭਾਈ ਦਲੀਪ ਸਿੰਘ ਰੁੜਕਾ ਕਲ੍ਹਾਂ 39-13-0,*
- *ਭਾਈ ਇੰਦਰ ਸਿੰਘ ਰੁੜਕਾਂ ਕਲ੍ਹਾਂ 39-8-0,*
- *ਭਾਈ ਚੰਨਣ ਸਿੰਘ ਰੁੜਕਾਂ ਕਲ੍ਹਾਂ 15-10-0,*
- *ਭਾਈ ਭਗਤ ਸਿੰਘ ਚੱਕ-ਬਾਗੜੀਆਂ 100 ਰੁਪੈ,*
- *ਭਾਈ ਦਲੀਪ ਸਿੰਘ ਚੱਕ-ਬਾਗੜੀਆ 100-0,*
- *ਭਾਈ ਅਰਜਨ ਸਿੰਘ ਚੱਕ-ਬਾਗੜੀਆ 15-10-0,*
- *ਭਾਈ ਰਲ੍ਹਾ ਸਿੰਘ ਉਧੋਵਾਲ 1000 ਰੁਪੈ,*
- *ਭਾਈ ਫਤੇਹ ਖ਼ਾਂ ਬੇਂਡਲ 31-4-0,*
- *ਭਾਈ ਗੁਰਬਚਨ ਸਿੰਘ ਉਮਰਪੁਰਾ 100-0-0,*
- *ਭਾਈ ਵਰਿਆਮ ਸਿੰਘ ਨਿਹਾਲਗੜ੍ਹ 400 ਰੁਪੈ,*
- *ਭਾਈ ਅਮਰ ਸਿੰਘ ਸੰਧਵਾਂ 10470 ਰੁਪੈ,*
- *ਭਾਈ ਪੂਰਨ ਸਿੰਘ ਸੰਧਵਾਂ 100 ਰੁਪੈ,*
- *ਭਾਈ ਚੈਂਚਲ ਸਿੰਘ ਸੰਧਵਾਂ 62-8-0,*
- *ਭਾਈ ਹਰਨਾਮ ਸਿੰਘ ਸੰਧਵਾਂ 15-8-0,*
- *ਭਾਈ ਕਰਮ ਸਿੰਘ ਸੰਧਵਾਂ 7-12-0,*
- *ਭਾਈ ਫੁੰਮਣ ਸਿੰਘ ਫਰਾਲਾ 638,*
- *ਭਾਈ ਸੁੰਦਰ ਸਿੰਘ ਫਰਾਲਾ 460,*
- *ਭਾਈ ਧਰਮ ਸਿੰਘ ਬਿਰਕ 125 ਰੁਪੈ,*
- *ਭਾਈ ਚੰਨਣ ਸਿੰਘ ਬਿਰਕ 7-12-4,*
- *ਭਾਈ ਪੂਰਨ ਸਿੰਘ ਰਟੈਂਡਾ 100 ਰੁਪੈ,*
- *ਭਾਈ ਪ੍ਰਤਾਪ ਸਿੰਘ ਮਹਮੂਦਪੁਰ 321-4-0,*
- *ਭਾਈ ਦਲੀਪ ਸਿੰਘ ਝਿੰਗੜ 15-8-8,*
- *ਭਾਈ ਲਾਭ ਸਿੰਘ ਚੱਕ ਖੋਤਾ ਸਾਹਬੂ 31-4-0,*
- *ਭਾਈ ਭਾਨ ਸਿੰਘ ਭੁੱਲਰ ਕਲਾਂ 115-8-8,*
- *ਭਾਈ ਦੀਵਾਨ ਸਿੰਘ ਰਾਜ ਗੁਮਾਲ 6-4-0,*
- *ਭਾਈ ਬਖ਼ਸ਼ੀਸ਼ ਸਿੰਘ ਸਮਰਾਏ 62-8-0,*
- *ਭਾਈ ਰਲਾ ਰਾਮ ਮੂਸਾ ਪੁਰ 31-4-0,*

**ਜ਼ਿਲ੍ਹਾ ਸੂਰਤ**

- *ਬਾਬੂ ਕੇਸਨ ਡੇਰਲਭ ਲਖਣਪੁਰ 39-4-0,*
- *ਬ.ਜਾਗਾ ਪ੍ਰਭੂ ਲਖਨਪੁਰ 6-4-0,*
- *ਬ.ਗੁਪਾਲ ਭੂਲਾ ਰਾਮ ਭੱਟੀ 23-4-12,*
- *ਬ.ਹੀਰਾ ਗੰਗਾ ਰਾਮ ਡੀਗਾਛ 23-4-12,*
- *ਬ.ਭੂਲਾ ਪ੍ਰਸ਼ੋਤਮ ਡੀਗਾਛ 23-4-12,*
- *ਬ.ਜੈ ਗੰਗਾ ਰਾਮ ਡੀਗਾਛ 7-12-4,*
- *ਬ.ਅਮਬਾ ਰਾਮ ਡੀਗਾਛ 6-4-0,*
- *ਬਾਬੂ ਰੰਛੋੜ ਲਾਲ ਨਯਾਰ 15-8-8,*
- *ਬ.ਦਯਾ ਪ੍ਰਭੂ ਨਯਾਰ 7-12-0,*
- *ਹਾਜ਼ੀ ਮੁਹੰਮਦ ਬੰਬਈ ਸ਼ਹਿਰ 15-8-4.*

***ਕੁੱਲ ਜੋੜ:-15378/-ਰੁਪੈ.***[26]

ਇਸ ਰਿਪੋਰਟ ਤੋਂ ਜ਼ਾਹਿਰ ਹੈ ਕਿ ਪਨਾਮਾ ਵਿਚ ਰਹਿੰਦੇ ਪੰਜਾਬੀਆਂ ਤੋਂ ਇਲਾਵਾ ਬੰਗਾਲ ਤੇ ਦੂਜੇ ਸੂਬਿਆਂ ਨਾਲ ਸਬੰਧ ਰੱਖਣ ਵਾਲੇ ਹਿੰਦੀ ਆਪਣੇ ਕੌਮੀ ਹਿੱਤਾਂ ਅਤੇ ਫਿਰਕੂ ਸਦਭਾਵਨਾ ਪ੍ਰਤੀ ਉਹ ਕਿੰਨੇ ਸਤਰਕ ਸਨ।

ਸੇਵਾ ਦੇ ਸਵਾਲ 'ਤੇ ਬਾਬਾ ਅਮਰ ਸਿੰਘ ਸੰਧਵਾਂ ਦਾ ਆਪਣਾ ਹੀ ਮੁਕਾਮ ਸੀ। ਅੰਗਰੇਜ਼ੀ ਸਾਮਰਾਜ ਨੇ ਗ਼ਦਰ ਪਾਰਟੀ, ਜਲ੍ਹਿਆਂ ਵਾਲੇ ਬਾਗ ਅਤੇ ਬੱਬਰ ਅਕਾਲੀ ਲਹਿਰ ਦੇ ਦੇਸ਼ ਭਗਤਾਂ ਉਪਰ ਅਕਹਿ ਤੇ ਅਥਾਹ ਜ਼ੁਲਮ ਢਾਏ ਸਨ। ਗ਼ਦਰ ਪਾਰਟੀ ਤੇ ਬੱਬਰ ਅਕਾਲੀ ਲਹਿਰ ਨੂੰ ਦਬਾਉਣ ਲਈ ਉਸ ਨੇ ਇਸ ਲਹਿਰ ਉਤੇ ਧਾੜਵੀਆਂ ਵਾਂਗ ਹਮਲਾ ਕੀਤਾ ਸੀ। ਕੋਈ ਡੇਢ ਸੌ ਦੇ ਕਰੀਬ ਗ਼ਦਰੀਆਂ ਨੂੰ ਫਾਂਸੀ ਚਾੜ੍ਹ ਕੇ ਜਾਂ ਗੋਲੀ ਨਾਲ ਉਡਾ ਕੇ ਸ਼ਹੀਦ ਕੀਤਾ ਤੇ ਤਿੰਨ ਸੌ ਦੇ ਕਰੀਬ ਨੂੰ ਉਮਰ ਕੈਦ ਵਿਚ ਫਸਾ ਕੇ ਕਾਲੇ ਪਾਣੀ ਜੇਲ੍ਹ ਭੇਜ ਦਿਤਾ ਸੀ। ਸ਼ਹੀਦਾਂ ਤੇ ਜੇਲ੍ਹਾਂ ਅੰਦਰ ਬੰਦ ਗ਼ਦਰੀਆਂ ਦੇ ਬੁੱਢੇ ਮਾਪਿਆਂ ਅਤੇ ਉਨ੍ਹਾਂ ਦੇ ਬਾਲ-ਬੱਚਿਆਂ ਨੂੰ ਦਰ-ਦਰ ਠੋਕਰਾਂ ਖਾਣ ਲਈ ਮਜਬੂਰ ਕੀਤਾ ਗਿਆ। 1920 ਵਿਚ ਰਿਹਾ ਹੋ ਕੇ ਆਏ ਸੰਤ ਬਾਬਾ ਵਸਾਖਾ ਸਿੰਘ ਇਹ ਸਭ ਕੁਝ ਦੇਖ ਕੇ ਤੜਫ ਉੱਠੇ। ਉਨ੍ਹਾਂ ਨੇ ਇਨ੍ਹਾਂ ਹਾਲਤਾਂ ਦਾ 'ਦੇਸ਼ ਭਗਤਾਂ ਦੇ ਦੁਖੀ ਪਰਿਵਾਰ' ਸਿਰਲੇਖ ਦੀ ਕਾਵਿਤਾ ਰਾਹੀਂ ਚਿਤਰਨ ਕੀਤਾ :

*ਸਮਝੋ ਰਲ ਕੇ ਦੁੱਖ ਵੰਡਾਉ ਜੀ ਵੀਰ ਸਾਰੇ।*
*ਸਾਂਝਾ ਕੰਮ ਹੈ ਸਾਰੇ ਇਲਾਕਿਆਂ ਦਾ,*
*ਸੇਵਾ ਏਸ ਨੂੰ ਸਿੱਧੇ ਹੋ ਹੋ ਤੀਰ ਸਾਰੇ।*
*ਵੱਡਾ ਕੰਮ ਕੀ ਦੱਸ ਰਿਹਾ ਹਾਂ ਆਪ ਨੂੰ ਮੈਂ,*
*ਕੱਢ ਲਵੋ ਜੇ ਤੁਸੀਂ ਲਕੀਰ ਸਾਰੇ।*
*ਮਾਤਾ ਪਿਤਾ ਤੇ ਉਨ੍ਹਾਂ ਦੇ ਬਾਲ ਬੱਚੇ,*

ਭਗਤ ਪਰਿਵਾਰ ਸਹਾਇਕ ਕਮੇਟੀ' ਬਣਾ ਕੇ ਇਸ ਕਾਰਜ ਨੂੰ ਤੇਜ ਕਰਨ ਲਈ 'ਅਪ੍ਰੈਲ 1926 ਨੂੰ ਸਵਾ ਲੱਖ ਦਮੜੇ ਦੀ ਅਪੀਲ' ਜਾਰੀ ਕੀਤੀ ਗਈ।[29]

ਜਿੱਥੇ ਗ਼ਦਰੀ ਸੂਰਬੀਰ ਜੇਲ੍ਹਾਂ ਅੰਦਰ ਸਖ਼ਤ ਮੁਸ਼ੱਕਤਾਂ ਦੀਆਂ ਤਕਲੀਫਾਂ ਝੱਲ ਰਹੇ ਸਨ, ਉਥੇ ਉਨ੍ਹਾਂ ਦੇ ਬਾਲ-ਪ੍ਰਵਾਰ ਭੁੱਖੇ ਤੇ ਨੰਗੇ ਭਟਕਦੇ ਫਿਰਦੇ ਸਨ। ਹਕੂਮਤ ਨੇ ਦੇਸ਼ ਅੰਦਰ ਐਨਾ ਡਰ ਤੇ ਦਹਿਸ਼ਤ ਵਾਲਾ ਮਾਹੌਲ ਪੈਦਾ ਕੀਤਾ ਹੋਇਆ ਸੀ ਕਿ ਕੋਈ ਵੀ ਡਰਦਾ ਇਨ੍ਹਾਂ ਬੱਚਿਆਂ ਨੂੰ ਆਸਰਾ ਦੇਣਾ ਤਾਂ ਕਿਤੇ ਰਿਹਾ ਇਨ੍ਹਾਂ ਵਲ ਤੱਕਣ ਤੋਂ ਖੌਫ਼ ਰੱਖਦਾ ਸੀ। ਜੇਲ੍ਹ ਅੰਦਰ ਬੰਦ ਦੇਸ਼ ਭਗਤਾਂ ਨੂੰ ਕੋਈ ਸਕਾ, ਰਿਸ਼ਤੇਦਾਰ ਚਿੱਠੀ-ਪੱਤਰ ਨਹੀਂ ਸੀ ਪਾਉਂਦਾ। ਉਸ ਵੇਲੇ ਦੀਆਂ ਧਾਰਮਿਕ ਤੇ ਸਿਆਸੀ ਜਮਾਤਾਂ ਇਹਨਾਂ ਵੱਲ ਸਰਕਾਰ ਨਾਲੋਂ ਵੀ ਜ਼ਿਆਦਾ ਘ੍ਰਿਣਾ ਨਾਲ ਦੇਖਦੀਆਂ ਸਨ। ਅੰਗਰੇਜ਼ੀ ਸਾਮਰਾਜ ਹੱਥੋਂ ਕੀਤੀ ਗਈ ਇਸ ਦੁਰਦਸ਼ਾ, ਧਾਰਮਿਕ ਸੰਸਥਾਵਾਂ ਵਲੋਂ ਕਮਾਈ ਗਈ ਦੁਸ਼ਮਣੀ ਤੇ ਸਿਆਸੀ ਪਾਰਟੀਆਂ ਵਲੋਂ ਵਰਤੀ ਗਈ ਲਾਪਰਵਾਹੀ ਨੂੰ ਅਮਰੀਕਾ ਤੇ ਹੋਰ ਟਾਪੂਆਂ ਵਿਚ ਰਹਿੰਦੇ ਹਿੰਦੀਆਂ ਨੇ ਜੇਲ੍ਹਾਂ ਅੰਦਰ ਬੰਦ ਦੇਸ਼ ਭਗਤਾਂ ਤੇ ਇਹਨਾਂ ਦੇ ਬਾਲ-ਬੱਚਿਆਂ ਦੀ ਸਹਾਇਤਾ ਕਰਨ ਦਾ ਮਤਾ ਪਕਾਇਆ। ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ ਦੀ ਮਾਰਫ਼ਤ ਉਹਨਾਂ ਬੱਚਿਆਂ ਦੀ ਪੜ੍ਹਾਈ ਵਾਸਤੇ ਵਜ਼ੀਫੇ ਦਿੱਤੇ ਅਤੇ ਅਗੋਂ ਜਾ ਕੇ ਜਵਾਨ ਬੱਚੀਆਂ ਦੀਆਂ ਸ਼ਾਦੀਆਂ ਕੀਤੀਆਂ। 1927 ਵਿਚ ਲੁਧਿਆਣੇ ਦੇ ਪਿੰਡ ਚੌਂਕੀਮਾਨ ਦੇ ਭਾਈ ਅਮਰ ਸਿੰਘ ਮਾਨ ਨੂੰ ਭਾਈ ਦੁੱਲਾ ਸਿੰਘ ਜਲਾਲਦੀਵਾਲ ਰਾਹੀਂ ਪਨਾਮਾ ਦੀ ਗ਼ਦਰ ਪਾਰਟੀ ਦਾ ਮੈਂਬਰ ਲਿਆ ਗਿਆ ਸੀ।[30] ਦੇਸ਼ ਭਗਤ ਕੈਦੀ ਪ੍ਰਵਾਰ ਸਹਾਇਕ ਕਮੇਟੀ ਰਾਹੀਂ ਸ਼ੁਰੂ ਕੀਤੇ ਇਸ ਮਹਾਂ ਯੱਗ ਵਿਚ ਵੀ ਪਨਾਮਾ ਵਿਚਲੇ ਹਿੰਦੀਆਂ ਨੇ ਬਾਬਾ ਅਮਰ ਸਿੰਘ ਸੰਧਵਾਂ ਦੀ ਪਹਿਲ ਕਦਮੀ ਤੋਂ ਪ੍ਰਭਾਵਿਤ ਹੋ ਕੇ ਭਾਰੀ ਹਿੱਸਾ ਪਾਇਆ। 'ਰਲ ਕੇ ਦੁੱਖ ਵੰਡਾਉਣ' ਦੀ ਅਪੀਲ ਦੇ ਨਾਲ ਹੀ ਉਨ੍ਹਾਂ ਝੋਲੀ ਫੈਲਾ ਕੇ ਦੇਸ਼ ਭਰ ਵਿਚੋਂ ਮਾਇਆ ਇਕੱਤਰ ਕੀਤੀ। ਵਿਦੇਸ਼ਾਂ ਵਿਚੋਂ ਇਸ ਅਪੀਲ ਨੂੰ ਭਰਪੂਰ ਹੁੰਗਾਰਾ ਮਿਲਣ ਤੇ ਪਨਾਮਾ ਤੋਂ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਅਤੇ ਇਸ ਦੇ ਨਾਲ ਹੀ ਭਾਈ ਸੰਤੋਖ ਸਿੰਘ ਦੀ ਦੇਖ ਰੇਖ ਹੇਠ ਸ਼ੁਰੂ ਕੀਤੇ ਜਾਣ ਵਾਲੇ 'ਕਿਰਤੀ' ਮੈਗਜ਼ੀਨ ਲਈ ਭੇਜੀ ਗਈ ਮਾਇਆ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ : -

## ਪਨਾਮਾ 'ਚੋਂ ਦਿੱਤੀ ਗਈ ਸਹਾਇਤਾ ਵਾਲਿਆਂ ਦੇ ਨਾਂ ਅਤੇ ਪਤੇ

### ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਅਤੇ ਕਿਰਤੀ ਲਈ ਦਿੱਤੀ ਸਹਾਇਤਾ

| | ਕਮੇਟੀ | ਕਿਰਤੀ |
|---|---|---|
| 1. ਭਾਈ ਅਮਰ ਸਿੰਘ ਸੰਧਵਾਂ ਜ਼ਿਲ੍ਹਾ ਜਲੰਧਰ | 105-25 | 30-0 |
| 2. ਭਾਈ ਪੂਰਨ ਸਿੰਘ ਸੰਧਵਾਂ ਜ਼ਿਲ੍ਹਾ ਜਲੰਧਰ | 62-50 | 7-50 |

| | | |
|---|---|---|
| 34. ਭਾਈ ਹਾਮਣਦਾਸ ਸਿੰਧੀ (ਸਿੰਧ) | 5-00 | |
| 35. ਭਾਈ ਮੁਹੰਮਦ ਜੀ ਜਿਲ੍ਹਾ ਹਜਾਰਾ | 3-00 | |
| 36. ਭਾਈ ਖੂਬ ਚੰਦ,ਵੈਰਾ ਮਲ ਸਿੰਧੀ (ਸਿੰਧ) | 25-00 | |
| 37. ਭਾਈ ਬਿਸ਼ਨ ਸਿੰਘ ਸਰੀਂਹ ਜ਼ਿਲ੍ਹਾ ਜਲੰਧਰ | 7-50 | 2-50 |
| 38. ਭਾਈ ਪ੍ਰਤਾਪ ਸਿੰਘ ਖੁਰਦਪੁਰ ਜ਼ਿਲ੍ਹਾ ਜਲੰਧਰ | 21-0 | 6-0 |
| 39. ਭਾਈ ਜਗਤ ਸਿੰਘ ਰਮੀਦੀ ਰਿਆਸਤ ਕਪੂਰਥਲਾ | 3-0 | 2-0 |
| 40. ਭਾਈ ਭਗਤ ਸਿੰਘ ਘਣਏਂਕੇ ਰਿ:ਕਪੂਰਥਲਾ | 6-50 | 4-50 |
| 41. ਭਾਈ ਕਰਤਾਰ ਸਿੰਘ ਝਿੰਗੜ ਜ਼ਿਲ੍ਹਾ ਜਲੰਧਰ | 4-0 | 3-25 |
| 42. ਭਾਈ ਦਲੀਪ ਸਿੰਘ ਝਿੰਗੜ ਜ਼ਿਲ੍ਹਾ ਜਲੰਧਰ | 11-0 | 6-0 |
| 43. ਭਾਈ ਰਣ ਸਿੰਘ ਬਾਗਪੁਰ ਜ਼ਿਲ੍ਹਾ ਹੁਸ਼ਿਆਰਪੁਰ | 19-25 | 6-0 |
| 44. ਭਾਈ ਫਕੀਰ ਚੰਦ ਗਰਚੇ ਜ਼ਿਲ੍ਹਾ ਜਲੰਧਰ | 2-00 | |
| 45. ਭਾਈ ਗੁਰਬਚਨ ਸਿੰਘ ਭੂਨੋਂ ਜ਼ਿਲ੍ਹਾ ਹੁਸ਼ਿਆਰਪੁਰ | 11-00 | 6-0 |
| 46. ਭਾਈ ਲਾਲ ਸਿੰਘ ਚਾਚੋਕੀ ਜ਼ਿਲ੍ਹਾ ਜਲੰਧਰ | 21-00 | 6-0 |
| 47. ਭਾਈ ਲਛਮਣ ਸਿੰਘ ਹਰਖੋਵਾਲ, ਹੁਸ਼ਿਆਰਪੁਰ | 16-00 | 6-0 |
| 48. ਭਾਈ ਭਗਤ ਸਿੰਘ ਹਰਖੋਵਾਲ, ਹੁਸ਼ਿਆਰਪੁਰ | 5-00 | 2-0 |
| 49. ਭਾਈ ਗੁਰਸਰਨ ਸਿੰਘ ਜਗਦਿਓ ਕਲਾਂ, ਅੰਮ੍ਰਿਤਸਰ | 8-50 | 6-0 |
| 50. ਭਾਈ ਕਪੂਰ ਸਿੰਘ ਸਰਹਾਲੀ ਜ਼ਿਲ੍ਹਾ ਅਮ੍ਰਿਤਸਰ | 11-00 | 6-0 |
| 51. ਭਾਈ ਹਜ਼ਾਰਾ ਸਿੰਘ ਦੂਲੋ ਨੰਗਲ ਜ਼ਿਲ੍ਹਾ ਅੰਮ੍ਰਿਤਸਰ | 7-00 | 4-50 |
| 52. ਭਾਈ ਊਧਮ ਸਿੰਘ ਲਖੂਵਾਲ ਜ਼ਿਲ੍ਹਾ ਅੰਮ੍ਰਿਤਸਰ | 1-25 | 1-50 |
| 53. ਭਾਈ ਬਲਵੰਤ ਸਿੰਘ ਸੁਰ ਸਿੰਘ ਜ਼ਿਲ੍ਹਾ ਲਾਹੌਰ | 6-00 | 6-0 |
| 54. ਭਾਈ ਅੰਗਰੇਜ਼ ਸਿੰਘ ਸੁਰ ਸਿੰਘ ਜ਼ਿਲ੍ਹਾ ਲਾਹੌਰ | 2-50 | 2-50 |
| 55. ਭਾਈ ਦੇਵਾ ਸਿੰਘ ਕੋਟ ਜ਼ਿਲ੍ਹਾ ਅੰਮ੍ਰਿਤਸਰ | 2-00 | 2-0 |
| 56. ਭਾਈ ਅਮਰੀਕ ਸਿੰਘ ਰੋੜੇਭੈਣੀਂ ਜ਼ਿਲ੍ਹਾ ਲੁਧਿਆਣਾ | 6-50 | 6-50 |
| 57. ਭਾਈ ਦੂਲਾ ਸਿੰਘ ਜਲਾਲਦੀਵਾਲ ਰਿ:ਪਟਿਆਲਾ | 6-00 | 7-0 |
| 58. ਭਾਈ ਸੁੱਚਾ ਸਿੰਘ ਪਖੋਵਾਲ ਜ਼ਿਲ੍ਹਾ ਲੁਧਿਆਣਾ | 6-50 | 4-50 |
| 59. ਭਾਈ ਇੰਦ੍ਰ ਸਿੰਘ ਢੁਡੀਕੇ ਜ਼ਿਲ੍ਹਾ ਫਿਰੋਜ਼ਪੁਰ | 9-00 | 9-0 |
| 60. ਭਾਈ ਪਾਲਾ ਸਿੰਘ ਢੁਡੀਕੇ ਜ਼ਿਲ੍ਹਾ ਫਿਰੋਜ਼ਪੁਰ | 4-50 | 4-50 |
| 61. ਭਾਈ ਸ਼ੇਰ ਮੁਹੱਮਦ ਨੰਗਲ ਕਲਾਂ ਜ਼ਿਲ੍ਹਾ ਲੁਧਿਆਣਾ | 6-00 | 6-0 |
| 62. ਭਾਨ ਸਿੰਘ ਚੂੜ੍ਹ ਚੱਕ ਜ਼ਿਲ੍ਹਾ ਫੀਰੋਜ਼ਪੁਰ | 10-00 | 11-0 |
| 63. ਭਾਈ ਹਰਨਾਮ ਸਿੰਘ ਛਜੇਵਾਲ ਜ਼ਿਲ੍ਹਾ ਲੁਧਿਆਣਾ | 6-00 | 6-0 |
| 64. ਭਾਈ ਭਗਤ ਸਿੰਘ ਰੂਮੀ ਜ਼ਿਲ੍ਹਾ ਲੁਧਿਆਣਾ | 4-50 | 4-50 |
| 65. ਭਾਈ ਅਮਰ ਸਿੰਘ ਚੌਂਕੀ ਮਾਨ ਜ਼ਿਲ੍ਹਾ ਲੁਧਿਆਣਾ | 9-50 | 4-50 |

| | | |
|---|---|---|
| 98. ਭਾਈ ਬਿਸ਼ਨਾ ਸਰੀਂਹ ਜ਼ਿਲ੍ਹਾ ਜਲੰਧਰ | 9-25 | 2-25 |
| 99. ਭਾਈ ਦੇਵੀਆ ਝੰਡੇਰ ਜ਼ਿਲ੍ਹਾ ਜਲੰਧਰ | 9-50 | 4-50 |
| 100. ਭਾਈ ਅਮਰ ਸਿੰਘ ਰੁੜਕਾ ਜ਼ਿਲ੍ਹਾ ਜਲੰਧਰ | 9-75 | 3-75 |
| 101. ਭਾਈ ਬਖ਼ਸ਼ੀਸ਼ ਸਿੰਘ ਰੁੜਕਾ ਜ਼ਿਲ੍ਹਾ ਜਲੰਧਰ | 8-75 | 3-75 |
| 102. ਭਾਈ ਹਰਨਾਮ ਸਿੰਘ ਮਾਨ ਜ਼ਿਲ੍ਹਾ ਲੁਧਿਆਣਾ | 7-0 | 4-50 |
| 103. ਭਾਈ ਊਧੋ ਸਿੰਘ ਮਾਨ ਜ਼ਿਲ੍ਹਾ ਲੁਧਿਆਣਾ | 2-50 | 2-50 |
| 104. ਭਾਈ ਪਿਆਰਾ ਸਿੰਘ ਦੌਧਰ ਜ਼ਿਲ੍ਹਾ ਫੀਰੋਜਪੁਰ | 5-00 | 1-0 |
| 105. ਭਾਈ ਕੇਹਰ ਸਿੰਘ ਧੂੜ ਕੋਟ ਰਿ:ਪਟਿਆਲਾ | 2-50 | |
| 106. ਭਾਈ ਬੰਤਾ ਸਿੰਘ ਭੰਡਾਲ ਰਿ: ਕਪੂਰਥਲਾ | 5-25 | |
| 107. ਭਾਈ ਦਯਾ ਭੀਖਾ ਬੜੋਦਾ ਰਿ: ਬੜੋਦਾ | 2-50 | 2-50 |
| 108. ਭਾਈ ਸੁੰਦਰ ਸਿੰਘ ਢੇਸੀਆਂ ਜ਼ਿਲ੍ਹਾ ਜਲੰਧਰ | 2-50 | 2-50 |
| 109. ਭਾਈ ਅਲੀ ਅਕਬਰ ਮੀਰ ਪੁਰ ਰਿ: ਜੰਮੂ | 5-00 | |
| 110. ਭਾਈ ਦਲੀਪ ਸਿੰਘ ਰੁੜਕਾ ਜ਼ਿਲ੍ਹਾ ਜਲੰਧਰ | 1-0 | |
| 111. ਭਾਈ ਹਮੀਦ ਉਲਾ | 1-25 | |

ਇਸ ਸਹਾਇਤਾ ਲਈ ਦੇਸ਼ ਭਗਤ ਕੈਦੀ ਪਰਿਵਾਰ ਸਹਾਇਕ ਕਮੇਟੀ ਤੇ ਕਿਰਤੀ ਦੇ ਪ੍ਰਬੰਧਕਾਂ ਵਲੋਂ ਸ਼ੁਕਰਾਨਾ ਕਰਦਿਆਂ ਲਿਖਿਆ :

> **ਅਸੀਂ ਉਨ੍ਹਾਂ ਦੇ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਗਾੜ੍ਹੇ ਪਸੀਨੇ ਦੀ ਕਮਾਈ ਵਿਚੋਂ 'ਕਿਰਤੀ' ਅਤੇ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਨੂੰ ਮਾਇਆ ਦੇ ਗੱਫੇ ਭੇਜੇ ਹਨ। ਜਿਹੜੀ ਕਿ ਦਫ਼ਤਰ ਵਿਚ ਪੁੱਜ ਗਈ ਹੈ। ਅਸੀਂ ਉਮੀਦ ਕਰਦੇ ਹਾਂ ਕਿ ਇਹ ਸੱਜਣ ਇਸੇ ਤਰ੍ਹਾਂ ਸਾਨੂੰ ਯਾਦ ਰੱਖਣਗੇ ਤੇ ਮਾਇਆ ਦੇ ਤਰੋ ਤਰੀ ਗਫੇ ਭੇਜਦੇ ਰਹਿਨਗੇ ਤੇ ਇਸ ਅਮੋਲਕ ਬੂਟੇ (ਕਿਰਤੀ ਮੈਗਜ਼ੀਨ) ਨੂੰ ਸਦਾ ਲਈ ਪਕਿਆਂ ਪੈਰਾਂ ਤੇ ਕਰਨ ਦੇ ਯਤਨ ਕਰਦੇ ਰਹਿਣਗੇ ਤਾਂ ਜੋ ਇਹ ਉਨ੍ਹਾਂ ਦਾ ਸੇਵਕ ਚੰਗੀ ਤਰ੍ਹਾਂ ਪਰਜਾ ਭਗਤੀ ਦੇ ਮੈਦਾਨ ਵਿਚ ਡਟਿਆ ਰਹੇ। ਹੋਰ ਟਾਪੂ ਨਿਵਾਸੀ ਸਜਣਾਂ ਦੀ ਸੇਵਾ ਵਿਚ ਵੀ ਬੇਨਤੀ ਹੈ ਕਿ ਉਹ ਵੀ ਹਰ ਤਰ੍ਹਾਂ ਸਹਾਇਤਾ ਕਰਦੇ ਰਹਿਣ।**[41]

1927 'ਚ ਭਾਈ ਸੰਤੋਖ ਸਿੰਘ ਦੀ ਹੋਈ ਮੌਤ ਨੂੰ ਦੇਸ਼ ਭਗਤ ਹਲਕਿਆਂ 'ਚ ਬੜੇ ਦੁੱਖ ਨਾਲ ਸੁਣਿਆ ਗਿਆ ਸੀ। ਪ੍ਰਦੇਸਾਂ ਵਿਚ ਰਹਿੰਦੇ ਹਿੰਦੀਆਂ ਵਲੋਂ ਸੋਗ ਸੰਦੇਸ਼ ਪੁੱਜੇ ਸਨ। ਇਸ ਸਬੰਧ ਵਿਚ 22 ਜੁਲਾਈ 1927 ਨੂੰ ਪਨਾਮਾ ਦੇ ਡੌਂਜੂਪੈਨ, ਪੈਗਸੇਨੀਅਨ ਅਤੇ ਫਿਲਪਾਈਨ ਆਦਿਕ ਟਾਪੂਆਂ ਵਿਚ ਹਿੰਦੀਆਂ ਦੀਆਂ ਇਕੱਰਤਾਵਾਂ ਹੋਈਆਂ, ਜਿਸ ਵਿਚ ਭਾਈ ਸਾਹਿਬ ਸੰਤੋਖ ਸਿੰਘ ਜੀ ਦੀ ਅਦੁੱਤੀ ਕੌਮੀ ਅਤੇ ਪਰਜਾ ਭਗਤਾਂ ਵਾਲੀ ਜ਼ਿੰਦਗੀ ਦੇ ਵਿਛੋੜੇ ਨੂੰ ਸਾਰੀ ਹਿੰਦੀ ਕੌਮ ਲਈ ਨਾ ਪੂਰਾ ਹੋਣ ਵਾਲਾ ਘਾਟਾ ਮਹਿਸੂਸ ਕਰਦੇ ਹੋਏ ਆਪਣੀ ਹਮਦਰਦੀ ਪਰਗਟ ਕਰਨ ਦੇ ਗੁਰਮਤੇ ਪਾਸ ਕੀਤੇ ਸਨ।

*41 ਦੇਸ਼ ਭਗਤ ਯਾਦਗਾਰ ਅਤੇ ਬਾਬਾ ਅਮਰ ਸਿੰਘ ਸੰਧਵਾਂ*

| | | |
|---|---|---|
| 7. | ਭਾਈ ਦਿਲਬਾਗ਼ ਸਿੰਘ ਸਾਹਲੋਂ, ਜਲੰਧਰ | 5 |
| 8. | ਭਾਈ ਰਲਾ ਸਿੰਘ ਉਦੋਵਾਲ, ਜਲੰਧਰ | 75 |
| 9. | ਭਾਈ ਕਿਸ਼ਨ ਸਿੰਘ, ਉਦੋਵਾਲ ਜਲੰਧਰ | 25 |
| 10. | ਭਾਈ ਕਾਬਲ ਸਿੰਘ ਰੁੜਕਾ ਕਲਾਂ, ਜਲੰਧਰ | 30 |
| 11. | ਭਾਈ ਬਾਘ ਸਿੰਘ ਰੁੜਕਾ ਕਲਾਂ, ਜਲੰਧਰ | 25 |
| 12. | ਭਾਈ ਸਵਰਨ ਸਿੰਘ ਰੁੜਕਾ ਕਲਾਂ, ਜਲੰਧਰ | 15 |
| 13. | ਭਾਈ ਲਾਭ ਸਿੰਘ ਜਮਸ਼ੇਰ, ਜਲੰਧਰ | 10 |
| 14. | ਭਾਈ ਗੁਰਬਚਨ ਸਿੰਘ ਉਮਰਪੁਰਾ, ਜਲੰਧਰ | 25 |
| 15. | ਭਾਈ ਗੁਰਦਿਤ ਸਿੰਘ ਉਮਰਪੁਰਾ, ਜਲੰਧਰ | 25 |
| 16. | ਭਾਈ ਬਿਸ਼ਨ ਸਿੰਘ ਸ੍ਰੀਂਹ, ਜਲੰਧਰ | 5 |
| 17. | ਭਾਈ ਕਰਤਾਰ ਸਿੰਘ ਝਿੰਗੜ, ਜਲੰਧਰ | 5 |
| 18. | ਭਾਈ ਲਾਲ ਸਿੰਘ ਚਾਚੋਕੀ, ਜਲੰਧਰ | 20 |
| 19. | ਭਾਈ ਫਗਣ ਸਿੰਘ ਫਰਾਲਾ, ਜਲੰਧਰ | 10 |
| 20. | ਭਾਈ ਭਗਤ ਸਿੰਘ ਫਰਾਲਾ, ਜਲੰਧਰ | 10 |
| 21. | ਭਾਈ ਦਲੀਪ ਸਿੰਘ ਪੰਡੋਰੀ ਗੰਗਾ ਸਿੰਘ, ਹੁਸ਼ਿਆਰਪੁਰ | 10 |
| 22. | ਭਾਈ ਦਲੀਪ ਸਿੰਘ ਬੱਡੋਂ, ਹੁਸ਼ਿਆਰਪੁਰ | 75 |
| 23. | ਭਾਈ ਗਰਧਾਰਾ ਸਿੰਘ ਬੱਡੋਂ, ਹੁਸ਼ਿਆਰਪੁਰ | 25 |
| 24. | ਭਾਈ ਸੱਮਣ ਸਿੰਘ, ਹੁਸ਼ਿਆਰਪੁਰ | 25 |
| 25. | ਭਾਈ ਬਸੰਤ ਸਿੰਘ, ਹੁਸ਼ਿਆਰਪੁਰ | 10 |
| 26. | ਭਾਈ ਗੰਗਾ ਸਿੰਘ ਸਕਰੂਲੀ, ਹੁਸ਼ਿਆਰਪੁਰ | 10 |
| 27. | ਭਾਈ ਠਾਕਰ ਸਿੰਘ, ਹੁਸ਼ਿਆਰਪੁਰ | 30 |
| 28. | ਭਾਈ ਕਾਬਲ ਸਿੰਘ ਮੈਂਹਗ੍ਰਵਾਲ, ਹੁਸ਼ਿਆਰਪੁਰ | 30 |
| 29. | ਭਾਈ ਗੁਰਚੈਨ ਸਿੰਘ, ਹੁਸ਼ਿਆਰਪੁਰ | 25 |
| 30. | ਭਾਈ ਰਣ ਸਿੰਘ ਬਾਗ਼ਪੁਰ, ਹੁਸ਼ਿਆਰਪੁਰ | 25 |
| 31. | ਭਾਈ ਗੁਰਬਚਨ ਸਿੰਘ ਭੁਨੋਂ, ਹੁਸ਼ਿਆਰਪੁਰ | 10 |
| 32. | ਭਾਈ ਲਛਮਣ ਸਿੰਘ ਹਰਖੋਵਾਲ, ਹੁਸ਼ਿਆਰਪੁਰ | 15 |
| 33. | ਭਾਈ ਭਗਤ ਸਿੰਘ, ਹੁਸ਼ਿਆਰਪੁਰ | 10 |
| 34. | ਭਾਈ ਗੁਰਸ਼ਰਨ ਸਿੰਘ ਜਗਦਿਉ ਕਲਾਂ, ਅੰਮ੍ਰਿਤਸਰ | 20 |
| 35. | ਭਾਈ ਕਪੂਰ ਸਿੰਘ ਸਰਹਾਲੀ ਕਲਾਂ, ਅੰਮ੍ਰਿਤਸਰ | 15 |
| 36. | ਭਾਈ ਹਜ਼ਾਰਾ ਸਿੰਘ ਦੋਲੋ ਨੰਗਲ, ਅੰਮ੍ਰਿਤਸਰ | 10 |
| 37. | ਭਾਈ ਊਧਮ ਸਿੰਘ ਲਖੂਵਾਲ, ਅੰਮ੍ਰਿਤਸਰ | 10 |
| 38. | ਭਾਈ ਦੇਵਾ ਸਿੰਘ ਕੋਟ, ਅੰਮ੍ਰਿਤਸਰ | 5 |

| | | |
|---|---|---|
| 71. | ਭਾਈ ਫ਼ਤਹ ਖਾਂ ਵੱਡੂਲ, ਜਲੰਧਰ | 20 |
| 72. | ਭਾਈ ਭਗਤ ਸਿੰਘ ਚੱਕ ਬਾਗੜੀਆਂ, ਜਲੰਧਰ | 20 |
| 73. | ਭਾਈ ਚੈਂਚਲ ਸਿੰਘ ਸੰਧਵਾਂ, ਜਲੰਧਰ | 15 |
| 74. | ਭਾਈ ਬਖਸ਼ੀਸ਼ ਸਿੰਘ ਸਮਰਾ, ਜਲੰਧਰ | 5 |
| 75. | ਭਾਈ ਅਰਜਨ ਸਿੰਘ ਚੱਕ ਕਲਾਂ, ਜਲੰਧਰ | 25 |
| 76. | ਭਾਈ ਭਾਨ ਸਿੰਘ ਭੁੱਲਰ, ਜਲੰਧਰ | 25 |
| 77. | ਭਾਈ ਵਰਿਆਮ ਸਿੰਘ, ਜਲੰਧਰ | 5 |
| 78. | ਭਾਈ ਫ਼ਕੀਰ ਸਿੰਘ ਉਦੋਵਾਲ, ਜਲੰਧਰ | 5 |
| 79. | ਭਾਈ ਚੂਹੜ ਸਿੰਘ ਹਕੀਮਪੁਰ, ਜਲੰਧਰ | 5 |
| 80. | ਭਾਈ ਭਾਗ ਸਿੰਘ ਦੁੱਗਾਂ, ਜਲੰਧਰ | 5 |
| 81. | ਭਾਈ ਚਰਨ ਸਿੰਘ ਢੇਸੀਆਂ ਕਾਹਨਾਂ, ਜਲੰਧਰ | 10 |
| 82. | ਭਾਈ ਉਜਾਗਰ ਸਿੰਘ ਸ਼ੇਕਰ, ਜਲੰਧਰ | 5 |
| 83. | ਭਾਈ ਇੰਦਰ ਸਿੰਘ ਨੂਰਪੁਰਾ, ਜਲੰਧਰ | 5 |
| 84. | ਭਾਈ ਠਾਕਰ ਸਿੰਘ ਚੱਕ ਸਾਹਬੂ ਦਾ, ਜਲੰਧਰ | 3 |
| 85. | ਭਾਈ ਲਛਮਣ ਸਿੰਘ ਰੇਰੂ, ਜਲੰਧਰ | 2 |
| 86. | ਭਾਈ ਵਰਿਆਮ ਸਿੰਘ ਲੋਦੀ ਪੁਰਾ, ਜਲੰਧਰ | 5 |
| 87. | ਭਾਈ ਰਾਮ ਸਿੰਘ ਬਿਲਗਾ, ਜਲੰਧਰ | 5 |
| 88. | ਭਾਈ ਦੇਵੀਆ ਸਿੰਘ ਚੇਢੇਰ, ਜਲੰਧਰ | 2 |
| 89. | ਭਾਈ ਅਮਰ ਸਿੰਘ ਰੁੜਕਾ ਕਲਾਂ, ਜਲੰਧਰ | 15 |
| 90. | ਭਾਈ ਬਖ਼ਸ਼ੀਸ਼ ਸਿੰਘ, ਜਲੰਧਰ | 5 |
| 91. | ਭਾਈ ਸੁੰਦਰ ਸਿੰਘ ਢੇਸੀਆਂ ਕਾਹਨਾਂ, ਜਲੰਧਰ | 5 |
| 92. | ਭਾਈ ਬੰਤਾ ਸਿੰਘ ਪੱਖੋਵਾਲ, ਹੁਸ਼ਿਆਰਪੁਰ | 30 |
| 93. | ਭਾਈ ਦਲੀਪ ਸਿੰਘ ਪੰਡੋਰੀ ਗੰਗਾ ਸਿੰਘ, ਹੁਸ਼ਿਆਰਪੁਰ | 5 |
| 94. | ਭਾਈ ਕਰਮ ਸਿੰਘ ਨਿਹਾਲ ਗੜ੍ਹ, ਕਪੂਰਥਲਾ | 5 |
| 95. | ਭਾਈ ਬੰਤਾ ਸਿੰਘ ਭੰਡਾਲ, ਕਪੂਰਥਲਾ | 5 |
| 96. | ਭਾਈ ਸਾਧੂ ਸਿੰਘ ਹੇਅਰ, ਜਲੰਧਰ | 4 |
| 97. | ਭਾਈ ਕਿਸ਼ਨ ਸਿੰਘ ਨਿਝਰਾਂ, ਕਪੂਰਥਲਾ | 2 |
| 98. | ਭਾਈ ਰੋਡਾ ਸਿੰਘ ਬਾਗ਼ਪੁਰ, ਹੁਸ਼ਿਆਰਪੁਰ | 5 |
| 99. | ਭਾਈ ਸੰਧੀ ਜੰਡਿਆਲਾ, ਜਲੰਧਰ | 2 |
| 100. | ਭਾਈ ਦਲੀਪ ਸਿੰਘ ਸ਼ੇਕਰ, ਜਲੰਧਰ | 5 |
| 101. | ਭਾਈ ਬਚਿੱਤ ਸਿੰਘ ਨੰਗਲ, ਲੁਧਿਆਣਾ | 2 |
| 102. | ਭਾਈ ਬੂੜ ਸਿੰਘ ਕੰਗ ਸਾਹਿਬ, ਜਲੰਧਰ | 7 |

| | | |
|---|---|---|
| 135. | ਭਾਈ ਟੋਪਣ ਦਾਸ ਸਿੰਧੀ, ਸਿੰਧ | 10 |
| 136. | ਭਾਈ ਅਲੀ ਅਕਬਰ, ਕਸ਼ਮੀਰ | 2 |
| 137. | ਭਾਈ ਮੁਹੰਮਦ ਇਬਰਾਹੀਮ, ਗੁਜਰਾਤ | 10 |
| 138. | ਭਾਈ ਇਕ ਦੇਸ਼ ਭਗਤ (ਗੁਪਤ) | 200 |
| 139. | ਭਾਈ ਗੁਲਾਮ ਹੁਸੈਨ, ਜੇਹਲਮ | 5 |
| 140. | ਭਾਈ ਭੰਗਾ ਸਿੰਘ ਸਿੰਘਾ ਵਾਲ, ਫ਼ਿਰੋਜ਼ਪੁਰ | 5 |
| 141. | ਭਾਈ ਨੱਥਾ ਸਿੰਘ ਪੰਡੋਰੀ ਗੰਗਾ ਸਿੰਘ , ਹੁਸ਼ਿਆਰਪੁਰ | 15 |
| 142. | ਭਾਈ ਦੁੱਲੇ ਖਾਨ ਧਲੋਕੇ, ਫ਼ਿਰੋਜ਼ਪੁਰ | 5 |
| 143. | ਭਾਈ ਖਾਨ ਜ਼ਮਾਨ ਹਜ਼ਾਰਾ | 2 |
| 144. | ਭਾਈ ਅੰਬਾ ਗੁਜਰਾਤੀ, ਗੁਜਰਾਤ | 5 |
| 145. | ਭਾਈ ਹੱਲੀ ਰਾਮ ਰਹੀਮ ਪੁਰ ਫ਼ਤਆ ਬਾਦ , ਯੂ.ਪੀ. | 5 |
| 146. | ਭਾਈ ਬਿਸ਼ਨ ਸਿੰਘ ਸ੍ਰੀਂਹ, ਜਲੰਧਰ | 5 |
| 147. | ਭਾਈ ਬੋਦਾ ਸਿੰਘ, ਸਿੰਧ | 5 |
| 148. | ਪਨਾਮਾ ਨਿਵਾਸੀ ਬੰਗਾਲੀ ਭਾਈ | 31 |
| 149. | ਭਾਈ ਖ਼ੂਬ ਚੰਦ ਵੇਰੋ ਮਲ ਸਿੰਧ, ਹੈਦਰਾਬਾਦ | 25 |
| | | ਜੋੜ: 2077-75 |
| | ਐਕਸਚੇਂਜ ਖ਼ਰਚ | 5-25 |
| | ਬਾਕੀ | 2072-50 |
| | ਚੈਕ ਰਵਾਨਾ ਕੀਤਾ ਗਿਆ | 2062-85 |
| | ਬਕਾਇਆ | 9-65 |
| | ਨੋਟ : ਮਾਇਆ ਜੋ ਪਿਛੋਂ ਵਸੂਲ ਕੀਤੀ ਗਈ: | 10 |

ਪਾਰਟੀ ਪ੍ਰਤੀ ਵਫਾਦਾਰੀ ਤੇ ਪ੍ਰਤੀਬੱਧਤਾ ਦੀ ਇਹ ਮਿਸਾਲ ਹੈ ਕਿ ਪੈਸੇ ਪ੍ਰਾਪਤ ਕਰਨ ਲਈ ਡਾਕ ਖਰਚ ਤੱਕ ਦਾ ਭੁਗਤਾਨ ਉਹ ਕੋਲੋਂ ਕਰਦੇ ਸਨ ਤਾਂ ਕਿ ਪਨਾਮਾ ਦੇ ਪ੍ਰਵਾਸੀਆਂ ਵੱਲੋਂ ਭੇਜਿਆ ਗਿਆ ਫੰਡ ਬਿਨਾਂ ਕਿਸੇ ਕਟੌਤੀ ਤੋਂ ਪ੍ਰਾਪਤ ਹੋ ਸਕੇ।

'ਕਿਰਤੀ' ਅੰਮ੍ਰਿਤਸਰ ਨੇ ਇਸ ਸਹਾਇਤਾ ਲਈ ਪਨਾਮਾ ਨਿਵਾਸੀਆਂ ਦਾ ਸ਼ੁਕਰਾਨਾ ਕਰਦਿਆਂ ਲਿਖਿਆ ਸੀ:

> **ਉਪਰ ਲਿਖੀ ਸਹਾਇਤਾ ਪਨਾਮਾ ਨਿਵਾਸੀ ਹਿੰਦੁਸਤਾਨੀ ਦਾਨੀ ਸਜਣਾਂ ਵਲੋਂ ਪੁੱਜੀ ਹੈ। ਇਸ ਦਾਨ ਨੇ ਪ੍ਰਬੰਧਕਾਂ ਨੂੰ ਬੜੀ ਮਾਲੀ ਸਹਾਇਤਾ ਪੁਜਾਈ ਹੈ ਪਰ ਇਸ ਤੋਂ ਬਿਨਾਂ ਦਾਨੀਆਂ ਦੀ ਗਿਣਤੀ ਵਲ ਦੇਖਦੇ ਦੁਗਣਾ ਹੌਸਲਾ ਹੋ ਗਿਆ ਹੈ। ਕਿਉਂਕਿ ਪ੍ਰਬੰਧਕ ਸਮਝਦੇ ਹਨ ਕਿ ਦਾਨੀ ਸਾਥੀਆਂ ਦੇ ਹਿਰਦਿਆਂ ਵਿਚ ਸਾਡੀ ਸੇਵਾ ਜਚ ਗਈ ਹੈ। ਇਸ ਲਈ ਕਿਰਤੀ ਦੇ ਪ੍ਰਬੰਧਕ ਉਪਰ ਲਿਖੇ ਸਜਣਾਂ ਦੇ ਅਤੀ ਹੀ ਧੰਨਵਾਦੀ ਹਨ।**[32]

**ਗੁਪਤ ਢੰਗ ਨਾਲ ਪਨਾਮਾ ਪੁੱਜ ਕੇ ਪਾਰਟੀ ਵਿਚ ਸ਼ਾਮਿਲ ਹੋ ਗਿਆ ਸੀ। ਕਾ. ਤੇਜਾ ਸਿੰਘ ਸੁਤੰਤਰ ਦੀ ਦੇਖ ਰੇਖ ਹੇਠ ਇਥੋਂ ਕਮਿਉਨਿਜ਼ਮ ਦੀ ਸਿੱਖਿਆ ਲੈਣ ਲਈ ਭਾਈ ਦੁੱਲਾ ਸਿੰਘ ਜਲਾਲਦੀਵਾਲ ਤੇ ਭਾਈ ਅਮਰ ਸਿੰਘ ਮਾਨ ਮਾਸਕੋ ਭੇਜੇ ਗਏ ਸਨ।**[35]

ਬਾਬਾ ਅਮਰ ਸਿੰਘ ਸੰਧਵਾਂ ਦੀ ਭਾਰਤ ਵਾਪਸੀ ਤੋਂ ਪਿੱਛੋਂ ਗ਼ਦਰ ਲਹਿਰ ਦਾ ਪਨਾਮਾ ਵਿਚ ਦੂਜਾ ਦੌਰ ਮਾਰਚ 1929 ਵਿਚ ਆਰੰਭ ਹੋਇਆ। ਪਹਿਲਾ ਮਾਂਹਵਾਰੀ 'ਹਿੰਦੁਸਤਾਨ ਗ਼ਦਰ' ਅਖ਼ਬਾਰ ਸਾਨਫ੍ਰਾਂਸਿਸਕੋ ਵਾਲੇ ਦਫ਼ਤਰ ਤੋਂ ਨਿਕਲਿਆ ਜੋ 1930 ਤੱਕ ਛਪਿਆ। ਇਸ ਸਮੇਂ ਅਰਜਨਟੀਨਾ, ਚੀਨ ਤੇ ਪਨਾਮਾ ਆਦਿ ਵਿਚ ਗ਼ਦਰ ਪਾਰਟੀ ਨੇ ਰੂਸੀ ਕਰਾਂਤੀ ਤੋਂ ਪ੍ਰਭਾਵਤ ਹੋ ਕੇ ਰੂਸ ਦੀ ਕਮਿਊਨਿਸਟ ਪਾਰਟੀ ਨਾਲ ਸਬੰਧ ਕਾਇਮ ਕੀਤੇ। ਪਨਾਮਾ ਦੇ ਕੁਝ ਸਾਹਿਤ ਪ੍ਰੇਮੀਆਂ ਨੇ ਗ਼ਦਰ-ਗੂੰਜ ਦੇ ਪ੍ਰਭਾਵ ਹੇਠ ਕਵਿਤਾ ਦੀ ਰਚਨਾ ਵੀ ਕੀਤੀ। ਪਨਾਮਾ ਵਿਚ ਅਜਿਹੀ ਕਵਿਤਾ ਲਿਖਣ ਵਾਲਿਆਂ ਵਿਚ ਭਾਈ ਪਿਆਰਾ ਸਿੰਘ ਪਨਾਮਾ ਤੇ ਭਾਈ ਗਜਣ ਸਿੰਘ 'ਨਿਜਾਤ' ਦੇ ਨਾਂਅ ਉਭਰਵੇਂ ਹਨ।[36]

ਸੰਨ 1931 ਵਿਚ ਕਾਮਰੇਡ ਤੇਜਾ ਸਿੰਘ ਸੁਤੰਤਰ ਪਨਾਮਾ ਆਏ। ਉਸ ਨੇ ਗ਼ਦਰ ਪਾਰਟੀ ਦੀ ਜਨਰਲ ਮੀਟਿੰਗ ਕਰਵਾ ਕੇ ਚੋਣ ਕਰਵਾਈ। ਉਸ ਨੇ ਇਕ 'ਹਿੰਦੀ ਸਪਲਾਈ ਕੰਪਨੀ' ਵੀ ਬਣਾਈ ਜਿਸ ਵਿਚ ਅੱਧਾ ਹਿੱਸਾ ਗ਼ਦਰ ਪਾਰਟੀ ਅਤੇ ਅੱਧਾ ਪ੍ਰਾਈਵੇਟ ਸੀ। ਕੰਪਨੀ ਵਿਚ ਸਾਰੇ ਹਿੰਦੀ ਹਿੱਸੇਵਾਲ ਸਨ। ਹਿੰਦੁਸਤਾਨ ਵਿਚਲੇ ਰਾਜਸੀ ਹਾਲਾਤਾਂ ਉੱਪਰ ਉਹ ਹਮੇਸ਼ਾ ਨਜ਼ਰ ਰੱਖਦੇ ਸਨ। ਲਾਹੌਰ ਸੈਂਟਰ ਜੇਲ੍ਹ ਅੰਦਰ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਅਤੇ ਗ਼ਦਰੀ ਦੇਸ਼ ਭਗਤਾਂ ਵਲੋਂ ਕੀਤੀ ਗਈ ਭੁੱਖ ਹੜਤਾਲ ਦੀ ਖ਼ਬਰ ਜਦੋਂ ਪਨਾਮਾ ਪੁੱਜੀ, ਤਾਂ ਉੱਥੇ ਦੇ ਹਿੰਦੀਆਂ ਵਿਚ ਗੁੱਸੇ ਦੀ ਲਹਿਰ ਫੈਲ ਗਈ ਸੀ। ਉਨ੍ਹਾਂ ਨੇ ਇਕੱਠ ਕਰਕੇ ਵਿਚਾਰ ਚਰਚਾ ਕੀਤੀ, ਤਾਂ ਚਰਚਾ ਵਿਚ ਇਕ ਵਿਚਾਰ ਇਹ ਸੀ ਕਿ ਇਕ ਦਿਨ ਦੀ ਹੜਤਾਲ ਕਰਕੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਨਾਲ ਭਾਈਚਾਰਕ ਸਾਂਝ ਦਾ ਪ੍ਰਗਟਾਵਾ ਕੀਤਾ ਜਾਏ। ਦੂਜਾ ਵਿਚਾਰ ਇਹ ਸੀ ਕਿ ਸਾਰੇ ਹਿੰਦੀਆਂ ਪਾਸੋਂ ਇਕ ਇਕ ਦਿਨ ਦੀ ਉਜਰਤ ਇਕੱਠੀ ਕਰਕੇ ਦੇਸ਼ ਭੇਜੀ ਜਾਏ। ਅਖੀਰ ਹੜਤਾਲ ਵਾਲਾ ਸੁਝਾਅ ਪਾਸ ਕਰਕੇ ਇਕ ਸਿਨਮਾ ਹਾਲ ਵਿਚ ਉਨ੍ਹਾਂ ਨੇ ਇਕੱਠ ਕੀਤਾ। ਉਥੋਂ ਦੀ ਪ੍ਰੈਸ ਨੇ ਇਸ ਪ੍ਰੋਗਰਾਮ ਨੂੰ ਚੁੱਕਿਆ ਅਤੇ ਅਖ਼ਬਾਰਾਂ ਵਿਚ ਖ਼ਬਰਾਂ ਲੱਗੀਆਂ।[37] ਇਸ ਸਬੰਧ ਵਿਚ ਭਾਈ ਗਜਣ ਸਿੰਘ ਪਨਾਮਾ ਦੀ ਕਵਿਤਾ ਬਹੁਤ ਚਰਚਿਤ ਹੋਈ ਸੀ :

*ਭਗਤ ਸਿੰਘ, ਦਤ ਨੂੰ ਨਮਸਕਾਰ ਹੈ,*
*ਭੁੱਖ ਹੜਤਾਲ ਜਿਨ੍ਹਾਂ ਦੀ ਅਪਾਰ ਹੈ।*
*ਤਵਾਰੀਖ ਦੁਨੀਆਂ ਦੀ ਤੋੜ ਡਾਰੀ ਹੈ,*
*ਕੌਮ ਨਾਲੋਂ ਸਾਨੂੰ ਜਿੰਦ ਨਾ ਪਿਆਰੀ ਹੈ।*

ਸਰਗਰਮ ਕਾਰਕੁੰਨ ਸਨ। ਕਾ. ਤੇਜਾ ਸਿੰਘ ਸੁਤੰਤਰ ਅਤੇ ਭਾਈ ਰਤਨ ਸਿੰਘ ਡੱਬਾ ਗ਼ਦਰ ਪਾਰਟੀ ਦੇ ਕੌਮਾਂਤਰੀ ਕੇਂਦਰਾਂ ਨਾਲ ਸੰਪਰਕ ਸੂਤਰ ਸਨ। ਇਕ ਅਨੁਮਾਨ ਅਨੁਸਾਰ ਪਨਾਮਾ ਵਿਚੋਂ ਸਲਾਨਾ ਉਗਰਾਹੀ ਦੋ ਹਜ਼ਾਰ ਡਾਲਰ ਹੁੰਦੀ ਸੀ। ਸਮੇਂ ਸਮੇਂ ਜ਼ਰੂਰਤ ਪੈਂਦਿਆਂ ਪਨਾਮਾ ਵਿਚ ਇਕੱਠਾ ਹੋਇਆ ਪੈਸਾ ਲੋੜ ਪੈਣ 'ਤੇ ਸਾਨਫ੍ਰਾਂਸਿਸਕੋ ਪਾਰਟੀ ਕੇਂਦਰ ਅਤੇ ਭਾਰਤ ਵਿੱਚ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਨੂੰ ਭੇਜ ਦਿੱਤਾ ਜਾਂਦਾ ਸੀ।[38]

ਇਸੇ ਸਮੇਂ ਪੈਂਤੀ ਕਾਪੀਆਂ 'ਕਿਰਤੀ' ਮੈਗਜ਼ੀਨ ਦੀਆਂ ਦਾ ਬੰਡਲ ਪਨਾਮਾ ਵਿਚ ਭਾਈ ਅਮਰ ਸਿੰਘ ਮਾਨ ਦੇ ਨਾਂ ਤੇ ਸਿੱਧਾ ਪੁੱਜਦਾ, ਜਿਸ ਨੂੰ ਅਗੋਂ ਉਹ ਸਾਰਿਆਂ ਨੂੰ ਤਕਸੀਮ ਕਰ ਦਿੰਦਾ ਸੀ। 1939 ਤਕ ਪਨਾਮਾ ਵਿਚ ਪਾਰਟੀ ਬਕਾਇਦਾ ਕੰਮ ਕਰਦੀ ਰਹੀ, ਦੂਜੀ ਸੰਸਾਰ ਜੰਗ ਦੇ ਸ਼ੁਰੂ ਹੋ ਜਾਣ ਨਾਲ ਪਾਰਟੀ ਸਰਗਰਮੀਆਂ ਤੇ ਅਸਰ ਪੈ ਗਿਆ ਸੀ। ਪ੍ਰੰਤੂ ਫਿਰ ਵੀ ਭਾਈ ਅਮਰ ਸਿੰਘ ਮਾਨ 1954-55 ਨੂੰ ਪੰਜਾਬ ਆਉਣ ਤਕ ਪਰਿਵਾਰ ਸਹਾਇਕ ਕਮੇਟੀ ਦੇ ਪ੍ਰਧਾਨ ਬਾਬਾ ਵਸਾਖਾ ਸਿੰਘ ਨੂੰ ਫੰਡ ਭੇਜਦੇ ਰਹੇ ਸਨ। ਜ਼ਾਹਰ ਹੈ ਕਿ ਦੇਸ਼ ਅੰਦਰ ਫੰਡ ਭੇਜਣ ਦੇ ਮਾਮਲੇ ਵਿਚ ਪਨਾਮਾ ਦਾ ਗ਼ਦਰੀ ਕੇਂਦਰ ਅਵਲ ਸਥਾਨ ਰੱਖਦਾ ਸੀ। ਕਾਮਰੇਡ ਹਰਨਾਮ ਸਿੰਘ ਬਾਸੀ 1930 ਦੇ ਆਸ-ਪਾਸ ਫੀਜੀ ਰਾਹੀਂ ਪਨਾਮਾ ਪੁੱਜਾ ਸੀ। 1936 ਵਿਚ ਪਨਾਮਾ ਤੋਂ 139 ਡਾਲਰ ਦੀ ਭੇਜੀ ਗਈ ਸਹਾਇਤਾ ਵਿਚੋਂ 84 ਡਾਲਰ 50 ਸੈਂਟ 'ਕਿਰਤੀ' ਰਸਾਲਾ, 26 ਡਾਲਰ 'ਕਿਰਤੀ' ਦੇ ਚੰਦੇ ਵਜੋਂ, 2 ਡਾਲਰ 50 ਸੈਂਟ 'ਫੁਲਵਾੜੀ' ਦਾ ਚੰਦਾ ਅਤੇ 26 ਡਾਲਰ 'ਦੁਖੀ ਕਿਸਾਨ' ਹਫ਼ਤੇਵਾਰੀ, ਜਿਹੜਾ ਮਾ. ਕਾਬਲ ਸਿੰਘ ਗੋਬਿੰਦਪੁਰੀ ਦੀ ਸੰਪਾਦਨਾ ਹੇਠ ਜਲੰਧਰੋਂ ਛਪਦਾ ਸੀ, ਲਈ ਭੇਜਿਆ ਸੀ। ਕਿਉਂਕਿ ਉਸ ਸਮੇਂ 'ਦੁਖੀ ਕਿਸਾਨ' ਅਖ਼ਬਾਰ ਬੰਦ ਹੋ ਗਿਆ ਸੀ, ਇਸ ਲਈ ਪਨਾਮਾ ਵਾਸੀਆਂ ਵਲੋਂ 26 ਡਾਲਰ ਵਾਲਾ ਚੈੱਕ ਵੀ 'ਕਿਰਤੀ' ਦੇ ਖਾਤੇ ਵਿਚ ਦੇ ਦਿੱਤਾ ਗਿਆ ਸੀ। ਇਹ ਚੈੱਕ ਬਾਬਾ ਕਰਮ ਸਿੰਘ ਚੀਮਾ ਤੇ ਮਾ. ਕਾਬਲ ਸਿੰਘ ਦੇ ਨਾਂ 'ਤੇ ਭੇਜਿਆ ਗਿਆ ਸੀ। 'ਦੁਖੀ ਕਿਸਾਨ' ਅਖ਼ਬਾਰ ਵਾਲੇ ਫੰਡ ਨੂੰ ਉਗਰਾਹੁਣ ਵਿਚ ਕਾ. ਹਰਨਾਮ ਸਿੰਘ ਬਾਸੀ ਦੀ ਵਿਸ਼ੇਸ਼ ਭੂਮਿਕਾ ਸੀ। 'ਕਿਰਤੀ' ਦੇ ਪ੍ਰਬੰਧਕਾਂ ਨੇ ਇਸ ਸਹਾਇਤਾ ਬਾਰੇ ਲਿਖਿਆ ਸੀ:

> ਪ੍ਰਬੰਧਕ ਕਾ. ਹਰਨਾਮ ਸਿੰਘ ਬਾਸੀ ਤੇ ਪਨਾਮਾ ਨਿਵਾਸੀ ਵੀਰਾਂ ਦੇ ਬੜੇ ਹੀ ਧੰਨਵਾਦੀ ਹਨ, ਜਿਨ੍ਹਾਂ ਨੇ 'ਦੁਖੀ ਕਿਸਾਨ' ਰਾਹੀਂ ਲਹਿਰ ਨਾਲ ਪਿਆਰ ਕਰਦੇ ਹੋਇਆਂ ਸਹਾਇਤਾ ਕਰਨ ਦਾ ਉਪਰਾਲਾ ਕੀਤਾ ਹੈ ਅਤੇ ਆਸ ਰਖਦੇ ਹਾਂ ਕਿ ਅਗੇ ਨੂੰ ਪ੍ਰਦੇਸੀ ਭਾਈ, ਦੇਸ਼ ਭਾਈਆਂ ਵਾਗੂੰ ਹੀ ਰਲਕੇ ਹਰ ਇਕ ਕੰਮ ਕਰਨਗੇ ਤੇ ਇਸ ਦਾ ਫਲ ਇਹ ਹੋਵੇਗਾ ਕਿ ਪ੍ਰਦੇਸੀ ਭਾਈਆਂ ਦਾ ਕਾਮਰੇਡ ਸੰਤੋਖ ਸਿੰਘ ਜੀ ਸ਼ਹੀਦ ਦੇ ਹਥੀਂ ਜਾਰੀ ਕਰਵਾਇਆ ਹੋਇਆ 'ਕਿਰਤੀ' ਆਪਣੇ ਪੈਰਾਂ 'ਤੇ ਖੜਾ ਹੋ ਕੇ ਆਪਣੀ ਜਮਾਤ ਦੇ ਹੱਕਾਂ ਖਾਤਰ ਡਟਕੇ ਲੜਦਾ ਰਹੇਗਾ।[39]

| | |
|---|---|
| 29. ਜੀਵਨ ਸਿੰਘ ਜਮਸ਼ੇਰ, ਜਲੰਧਰ | 1 |
| 30. ਅਰਜਨ ਸਿੰਘ ਜਮਸ਼ੇਰ, ਜਲੰਧਰ | 1 |
| 31. ਦੀਵਾਨ ਸਿੰਘ ਰਾਜਗੁਮਾਲ, ਜਲੰਧਰ | 3 |
| | ਕੁੱਲ 84-50 |
| ਅਖ਼ਬਾਰ ਦੇ ਚੰਦੇ ਦਾ ਜੋੜ | 26-00 |
| ਫੁਲਵਾੜੀ ਨੂੰ ਚੰਦਾ | 2-50 |
| ਕੁਲ ਜੋੜ | 113 ਡਾਲਰ |

'ਦੁਖੀ ਕਿਸਾਨ' ਅਖ਼ਬਾਰ ਦਾ ਚੰਦਾ ਜੋ 'ਕਿਰਤੀ' ਰਸਾਲੇ ਲਈ ਦਿੱਤਾ ਗਿਆ:

| | |
|---|---|
| ਸ. ਕਰਤਾਰ ਸਿੰਘ ਬਲਬੋਆ | 2-50 |
| ਸ. ਗਜ਼ਨ ਸਿੰਘ ਬਲਬੋਆ | 2-50 |
| ਸ. ਹਰਨਾਮ ਸਿੰਘ ਐਂਕਨ | 2-50 |
| ਸ. ਕਿਸ਼ਨ ਸਿੰਘ ਐਂਕਨ | 2-50 |
| ਸ. ਭਾਗ ਸਿੰਘ ਐਂਕਨ | 2-50 |
| ਸ. ਕਰਤਾਰ ਸਿੰਘ ਐਂਕਨ | 2-00 |
| ਸੀ.ਡੀ. ਅਰਜਨ ਸਿੰਘ ਕੰਪਨੀ | 2-50 |
| ਸ. ਗਰਧਾਰਾ ਸਿੰਘ | 2-50 |
| ਸ. ਮੇਵਾ ਸਿੰਘ | 2-50 |
| ਪ੍ਰੀਤਮ ਸਿੰਘ ਮਹਿਗਰੋਵਾਲ | 2-00 |
| ਗੁ. ਬਹਿਬਲਪੁਰ | 2-00 |
| **ਕੁਲ ਜੋੜ ਡਾਲਰ** | **2600-00** |

ਇਸੇ ਸਮੇਂ 'ਕਿਰਤੀ' ਮੈਗਜ਼ੀਨ ਦੀਆਂ ਪੈਂਤੀ ਕਾਪੀਆਂ ਦਾ ਬੰਡਲ ਪਨਾਮਾ ਵਿਚ ਭਾਈ ਅਮਰ ਸਿੰਘ ਮਾਨ ਦੇ ਨਾਂ 'ਤੇ ਪੁੱਜਦਾ, ਜਿਸ ਨੂੰ ਅਗੋਂ ਉਹ ਸਾਰਿਆਂ ਵਿਚ ਤਕਸੀਮ ਕਰ ਦਿੰਦੇ ਸਨ। 1939 ਤੱਕ ਪਨਾਮਾ ਵਿਚ ਗ਼ਦਰ ਪਾਰਟੀ ਦੀ ਇਕਾਈ ਬਕਾਇਦਾ ਕੰਮ ਕਰਦੀ ਰਹੀ, ਦੂਜੀ ਸੰਸਾਰ ਜੰਗ ਦੇ ਸ਼ੁਰੂ ਹੋ ਜਾਣ ਨਾਲ ਭਾਈ ਅਮਰ ਸਿੰਘ ਮਾਨ ਤੋਂ ਬਿਨਾਂ ਬਹੁਤ ਸਾਰੇ ਪਨਾਮਾ ਪ੍ਰਵਾਸੀ ਭਾਰਤ ਪਰਤ ਆਏ ਸਨ, ਜਿਸਦੇ ਕਾਰਨ ਪਾਰਟੀ ਸਰਗਰਮੀਆਂ 'ਤੇ ਅਸਰ ਪੈ ਗਿਆ ਸੀ। ਭਾਈ ਅਮਰ ਸਿੰਘ ਮਾਨ ਪੰਜਾਬ ਆਉਣ ਤੋਂ ਪਹਿਲਾਂ 1954 ਤੱਕ ਪ੍ਰਧਾਨ ਬਾਬਾ ਵਸਾਖਾ ਸਿੰਘ ਨਾਲ ਬਕਾਇਦਾ ਸੰਪਰਕ ਰੱਖ ਕੇ ਮਾਲੀ ਸਹਾਇਤਾ ਭੇਜਦੇ ਰਹੇ। ਬਾਬਾ ਅਮਰ ਸਿੰਘ ਦੇ ਪੰਜਾਬ ਪੁੱਜਣ ਤੋਂ ਬਾਅਦ ਵੀ ਫੰਡ ਭੇਜਣ ਤੇ ਗ਼ਦਰ ਪਾਰਟੀ ਤੋਂ ਕਿਰਤੀ ਕਿਸਾਨ ਲਹਿਰ ਤੱਕ ਦੇ ਮਾਮਲੇ ਵਿਚ ਗ਼ਦਰ ਪਾਰਟੀ ਦਾ ਪਨਾਮਾ ਕੇਂਦਰ ਵਿਸ਼ੇਸ਼ ਸਥਾਨ ਰਖਦਾ ਸੀ।[40]

1928-29 ਦੇ ਦੌਰ ਵਿਚ ਕਿਰਤੀ ਕਿਸਾਨ ਲਹਿਰ, ਭਾਰਤ ਨੌਜਵਾਨ ਸਭਾ ਆਦਿ ਇਨਕਲਾਬੀ ਲਹਿਰਾਂ ਚਲ ਰਹੀਆਂ ਸਨ। ਇਹਨਾਂ ਵਲੋਂ ਕਾਂਗਰਸ ਪਾਰਟੀ ਦੀਆਂ ਅੰਗਰੇਜ਼ੀ ਸਾਮਰਾਜ ਨਾਲ ਸਮਝੌਤਾ ਕਰੂ ਨੀਤੀਆਂ ਦਾ ਖੁੱਲ੍ਹ ਕੇ ਵਿਰੋਧ ਕੀਤਾ ਜਾ ਰਿਹਾ ਸੀ। ਅਜਿਹਾ ਵਿਰੋਧ 1929 ਵਿਚ ਹੋਏ ਲਾਹੌਰ ਵਾਲੇ ਕੁੱਲ ਹਿੰਦ ਕਾਂਗਰਸ ਸਮਾਗਮ ਸਮੇਂ ਵੀ ਪ੍ਰਗਟ ਹੋਇਆ ਸੀ। ਬਾਬਾ ਅਮਰ ਸਿੰਘ ਸੰਧਵਾਂ ਨੂੰ 2400 ਰੁਪਏ ਕਾਂਗਰਸ ਪਾਰਟੀ ਨੂੰ ਦੇਣ ਲਈ ਪਨਾਮਾ ਦੇ ਪ੍ਰਵਾਸੀਆਂ ਵੱਲੋਂ ਭੇਜੇ ਗਏ ਸਨ। ਕਾਂਗਰਸ ਦੇ ਵਿਰੋਧੀ ਹੋਣ ਕਰਕੇ ਬਾਬਾ ਅਮਰ ਸਿੰਘ ਸੰਧਵਾਂ ਨੇ ਇਹ ਪੈਸੇ ਕਿਰਤੀ ਕਿਸਾਨ ਪਾਰਟੀ ਅਤੇ 'ਕਿਰਤੀ' ਨੂੰ ਦੇ ਦਿੱਤੇ ਸਨ।[42] ਕਿਰਤੀ ਕਿਸਾਨ ਪਾਰਟੀ ਦੀਆਂ ਜਥੇਬੰਦੀਆਂ ਉਸਾਰਨ ਤੇ ਉਨ੍ਹਾਂ ਦੀ ਮਾਇਕ ਸਹਾਇਤਾ ਕਰਨ ਵਿਚ ਬਾਬਾ ਅਮਰ ਸਿੰਘ ਨੇ ਨੈਤਿਕ ਤੇ ਆਰਥਿਕ ਤੌਰ ਤੇ ਬੜੀ ਮਦਦ ਕੀਤੀ ਜਿਸ ਦਾ ਵੇਰਵਾ ਅੱਗੇ ਦਿੱਤਾ ਗਿਆ ਹੈ।

## ਗ਼ਦਾਰ ਬੇਲਾ ਸਿੰਘ ਜੀਆਨ ਦਾ ਸਫਾਇਆ

ਬਾਬਾ ਅਮਰ ਸਿੰਘ ਸੰਧਵਾਂ ਦੇ ਮੁੱਢਲੇ ਮਿੱਤਰ ਤੇ ਨੇੜਲੇ ਸਾਥੀ ਬਾਬਾ ਹਰੀ ਸਿੰਘ ਸੂੰਢ ਕਨੇਡਾ ਤੋਂ ਆਏ ਗ਼ਦਰੀ ਸਨ, ਜਿਨ੍ਹਾਂ ਨੂੰ 1914 ਦੇ ਅਖੀਰ 'ਚ ਗ੍ਰਿਫਤਾਰ ਕਰਕੇ ਜੂਹ ਬੰਦ ਕੀਤਾ ਗਿਆ ਸੀ। ਪਿਛੋਂ ਉਹ ਬੱਬਰ ਅਕਾਲੀ ਲਹਿਰ ਦੇ ਸਮਰਥੱਕ ਬਣੇ। ਕਨੇਡਾ ਰਹਿੰਦੇ ਸਮੇਂ ਅੰਗਰੇਜ਼ ਪਿੱਠੂ ਬੇਲਾ ਸਿੰਘ ਜੀਆਨ (ਹੁਸ਼ਿਆਰਪੁਰ) ਨੇ 6 ਸਤੰਬਰ 1914 ਨੂੰ 'ਸਿੱਖ ਟੈਂਪਲ' ਗੁਰਦੁਆਰਾ ਵੈਨਕੂਵਰ ਵਿਚ ਗੋਲੀਆਂ ਚਲਾ ਕੇ ਭਾਈ ਭਾਗ ਸਿੰਘ ਭਿਖੀਵਿੰਡ ਤੇ ਭਾਈ ਬਦਨ ਸਿੰਘ ਨੂੰ ਸ਼ਹੀਦ ਕਰ ਦਿੱਤਾ ਸੀ। ਕੁਝ ਗੋਲੀਆਂ ਗੁਰੂ ਗਰੰਥ ਸਾਹਿਬ ਨੂੰ ਵੀ ਲੱਗੀਆਂ ਸਨ। ਕਾਮਾਗਾਟਾ ਮਾਰੂ ਸਾਕੇ ਵਿਚ ਵੀ ਬੇਲਾ ਸਿੰਘ ਗ਼ਦਾਰ ਦਾ ਹੀ ਹੱਥ ਸੀ। ਗ਼ਦਰੀ ਦੇਸ਼ ਭਗਤਾਂ ਨਾਲ ਅਤੇ ਬੱਬਰ ਅਕਾਲੀ ਲਹਿਰ ਸਮੇਂ ਬੇਲਾ ਸਿੰਘ ਗ਼ਦਾਰ ਤੇ ਉਹਦੇ ਭਰਾ ਜੁਆਲਾ ਸਿੰਘ ਨੇ ਬੜੇ ਉਪੱਦਰ ਕੀਤੇ ਸਨ। ਇਹ ਸਭ ਕੁਝ ਹੋਏ ਵਾਪਰੇ ਦਾ ਦ੍ਰਿਸ਼ ਬਾਬਾ ਸੂੰਢ ਦੀਆਂ ਅੱਖਾਂ ਸਾਹਮਣੇ ਆਉਂਦਾ ਤਾਂ ਇਸ ਦ੍ਰਿਸ਼ ਲਈ ਜੁੰਮੇਵਾਰ ਬੇਲਾ ਸਿੰਘ ਉਸ ਨੂੰ ਰੜਕਦਾ ਰਹਿੰਦਾ ਸੀ।

ਬਾਬਾ ਜਵਾਲਾ ਸਿੰਘ ਠੱਠੀਆਂ ਜਦੋਂ ਜੇਲ੍ਹ ਤੋਂ ਰਿਹਾ ਹੋ ਕੇ ਆਏ, ਤਾਂ ਬਾਬੇ ਬਕਾਲੇ ਵਿਚ ਉਨ੍ਹਾਂ ਦਾ ਸਵਾਗਤੀ ਜਲੂਸ ਨਿਕਲਿਆ। ਉੱਥੇ ਹੀ ਬਾਬਾ ਜਵਾਲਾ ਸਿੰਘ ਨਾਲ ਭਾਈ ਇੰਦਰ ਸਿੰਘ ਮੁਰਾਰੀ ਦਾ ਮੇਲ ਹੋਇਆ ਤੇ ਬਾਬਾ ਜੁਆਲਾ ਸਿੰਘ ਨੇ ਬੇਲਾ ਸਿੰਘ ਗ਼ਦਾਰ ਨੂੰ ਸੋਧਣ ਬਾਰੇ ਕਿਹਾ। ਇਸ ਕਲੰਕ ਨੂੰ ਧੋਣ ਲਈ ਬਾਬਾ ਜੁਆਲਾ ਸਿੰਘ ਠੱਠੀਆਂ ਨੇ ਇੰਦਰ ਸਿੰਘ ਮੁਰਾਰੀ ਨੂੰ ਇਹ ਵੀ ਛੁੱਟੀ ਦੇ ਦਿੱਤੀ ਕਿ ਉਹ ਇਸ ਕੰਮ ਵਾਸਤੇ ਜਿਸਨੂੰ ਵੀ ਨਾਲ ਲੈਣਾ ਚਾਹਵੇ ਲੈ ਸਕਦਾ ਹੈ ਅਤੇ ਉਹ ਖਰਚੇ ਦਾ ਵੀ ਫ਼ਿਕਰ ਨਾ ਕਰੇ। ਬਾਬਾ ਜੁਆਲਾ ਸਿੰਘ ਨੇ ਹਦਾਇਤ ਕੀਤੀ ਕਿ ਸਾਰੀਆਂ ਗੱਲਾਂ ਦਾ

ਈਸ਼ਰ ਸਿੰਘ ਨੇ ਉਸਦੀ ਧੌਣ ਨੱਪ ਲਈ। ਉਸੇ ਵੇਲੇ ਇੰਦਰ ਸਿੰਘ ਮੁਰਾਰੀ ਨੇ ਅੱਗੇ ਹੋ ਕੇ ਆਪਣੀ ਕਿਰਚ ਕੱਢੀ ਤੇ ਬੇਲਾ ਸਿੰਘ ਦੀ ਖੱਬੀ ਵੱਖੀ ਤੋਂ ਲੈ ਕੇ ਸੱਜੇ ਪੱਟ ਵਿਚਕਾਰਲਾ ਹਿੱਸਾ ਪਾੜ ਕੇ ਰੱਖ ਦਿੱਤਾ। ਕੁਝ ਹੀ ਪਲਾਂ ਵਿੱਚ ਉਹਨਾਂ ਦੇ ਹੱਥਾਂ ਵਿਚ ਤੜਫ ਕੇ ਬੇਲਾ ਸਿੰਘ ਠੰਡਾ ਹੋ ਗਿਆ। ਮੂੰਹ ਘੁਟਿਆ ਹੋਇਆ ਹੋਣ ਕਰਕੇ ਉਸਦੀ ਆਵਾਜ਼ ਨਾ ਨਿਕਲ ਸਕੀ। ਉਸਨੂੰ ਤੜਫਦੇ ਨੂੰ ਵੇਖ ਕੇ ਬਾਬੇ ਹਰੀ ਸਿੰਘ ਨੂੰ ਗੁੱਸਾ ਆ ਗਿਆ ਤੇ ਉਸ ਨੇ ਆਪਣਾ ਪਿਸਤੌਲ ਕੱਢ ਕੇ ਉਹਦੇ ਕੰਨ ਦੇ ਕੋਲ ਕੀਤਾ ਤਾਂ ਇੰਦਰ ਸਿੰਘ ਮੁਰਾਰੀ ਨੇ ਉਸਦਾ ਹੱਥ ਫੜ ਕੇ ਕਿਹਾ, "ਐਵੇਂ ਕਿਉਂ ਖੜਾਕ ਕਰਦੇ ਹੋ, ਕੰਮ ਤਾਂ ਇਸ ਦਾ ਹੋ ਹੀ ਗਿਆ ਹੈ।" ਜਦੋਂ ਬੇਲਾ ਸਿੰਘ ਹਿਲਣੋ ਬੰਦ ਹੋ ਗਿਆ ਤਾਂ ਉਹ ਸਾਰੇ ਪਿੱਛੇ ਪਰਤ ਗਏ। ਥੋੜ੍ਹੀ ਦੂਰ ਜਾ ਕੇ ਬਾਬੇ ਸੂੰਢ ਨੇ ਕਿਹਾ ,"ਉਏ ਚੰਗੀ ਤਰ੍ਹਾਂ ਦੇਖ ਤਾਂ ਲਉ, ਆਂਹਦੇ ਨੇ ਜੱਟ ਇਕ ਫਟ ਨਾਲ ਨਹੀਂ ਮਰਦਾ ਹੁੰਦਾ।"[45]

ਸੁਣ ਕੇ ਸਾਰੇ ਪਰਤਨ ਲੱਗੇ ਤਾਂ ਮੁਰਾਰੀ ਨੇ ਉਨ੍ਹਾਂ ਨੂੰ ਉਥੇ ਹੀ ਰੋਕ ਦਿੱਤਾ ਤੇ ਧਰਤੀ 'ਤੇ ਪਏ ਬੇਲਾ ਸਿੰਘ ਕੋਲ ਪਰਤ ਕੇ ਆਪਣੀ ਕਿਰਪਾਨ ਨਾਲ ਪਹਿਲਾਂ ਉਸ ਦਾ ਸਿਰ ਧੜ ਨਾਲੋਂ ਅੱਡ ਕੀਤਾ ਤੇ ਫਿਰ ਕਾਹਲੀ ਨਾਲ ਉਸਦੇ ਟੋਟੇ ਕਰ ਦਿੱਤੇ। ਇਸ ਤਰ੍ਹਾਂ ਇਸ ਗ਼ਦਾਰ ਦੀ ਅਲਖ ਮੁਕਾ ਕੇ ਬੜਾ ਵੱਡਾ ਕਲੰਕ ਧੋਤਾ ਗਿਆ।

ਬੜੇ ਲੰਮੇ ਅਰਸੇ ਪਿੱਛੋਂ ਉਹਨਾਂ ਦੀ ਯੋਜਨਾ ਨੂੰ ਫਲ ਪਿਆ ਸੀ। ਬੇਲਾ ਸਿੰਘ ਨੂੰ ਉਸ ਦੇ ਪਾਪਾਂ ਦਾ ਫਲ ਚੁਕਾਉਣ ਲਈ ਬਾਬਾ ਹਰੀ ਸਿੰਘ ਨੇ ਭਾਈ ਈਸ਼ਰ ਸਿੰਘ ਜੜੌਲੀ (ਹੁਸ਼ਿਆਰਪੁਰ) ਤੇ ਸੰਤ ਈਸ਼ਰ ਸਿੰਘ ਮੁਰਾਰੀ ਨੂੰ ਨਾਲ ਲੈ ਕੇ 8 ਦਸੰਬਰ 1933 ਨੂੰ ਬੇਲਾ ਸਿੰਘ ਗਦਾਰ ਦਾ ਫਸਤਾ ਵੱਢ ਕੇ ਅੰਗਰੇਜ਼ੀ ਰਾਜ ਵਿਚ ਤਹਿਲਕਾ ਮਚਾ ਦਿੱਤਾ। ਇੰਟਰਨੈਸ਼ਨਲ ਗ਼ਦਾਰ ਦੇ ਕਤਲ ਦਾ ਭੇਦ ਕੱਢਣ ਲਈ ਹਕੂਮਤ ਨੇ ਆਪਣੀ ਪੂਰੀ ਵਾਹ ਲਾ ਦਿੱਤੀ ਸੀ। ਬਾਬਾ ਹਰੀ ਸਿੰਘ ਸੂੰਢ ਤੇ ਦੂਜੇ ਸਾਥੀਆਂ ਉੱਪਰ ਅਕਹਿ ਤੇ ਅਸਹਿ ਤਸ਼ੱਦਦ ਕਰਨ ਦੇ ਬਾਵਜੂਦ, ਪੁਲਸ ਉਨ੍ਹਾਂ ਦੇ ਮੂੰਹੋਂ ਇਕ ਵੀ ਸ਼ਬਦ ਨਾ ਕਢਵਾ ਸਕੀ। ਇਸ ਕਲੰਕ ਨੂੰ ਧੋਣ ਲਈ ਫਖਰਿ-ਕੌਮ ਮਾਸਟਰ ਮੋਤਾ ਸਿੰਘ ਨੇ ਬਾਬਾ ਹਰੀ ਸਿੰਘ ਸੂੰਢ ਨੂੰ ਸੋਨੇ ਦੇ ਮੈਡਲ ਨਾਲ ਨਿਵਾਜ਼ਿਆ ਸੀ। ਦੇਸ਼ ਭਗਤਾਂ ਦਾ ਹਤਿਆਰਾ, ਬੇਲਾ ਸਿੰਘ ਦੇ ਮੁਕਤੀਦਾਤੇ ਬਾਬਾ ਹਰੀ ਸਿੰਘ ਸੂੰਢ ਦਾ "ਦੁਆਬਾ ਮੇਂ ਨਹਿਰ ਨਿਕਾਲੋ" ਦੇ ਜਲੰਧਰ ਵਾਲੇ ਮੁਜ਼ਾਹਰੇ ਵਿਚ ਹਾਰਾਂ ਨਾਲ ਲੱਦ ਕੇ 20 ਦਸੰਬਰ 1938 ਨੂੰ ਗਾਰਡ ਆਫ਼ ਦਾ ਆਨਰ ਪੇਸ਼ ਕੀਤਾ ਗਿਆ ਸੀ। 9 ਜੁਲਾਈ 1958 ਨੂੰ ਬਾਬਾ ਹਰੀ ਸਿੰਘ ਸੂੰਢ ਦਾ ਦਿਹਾਂਤ ਹੋ ਗਿਆ ਸੀ।[46]

1936 ਦੀ ਜੂਨ 18-19 ਦੀ ਰਾਤ ਨੂੰ ਬੱਬਰ ਅਕਾਲੀ ਲਹਿਰ ਦੇ ਗ਼ਦਾਰ ਅਨੂਪ ਸਿੰਘ ਮਾਣਕੋ ਨੂੰ ਮਾਰ ਦਿੱਤਾ ਗਿਆ ਸੀ। ਇਸ ਕਤਲ ਕੇਸ ਵਿਚ ਸ਼ਾਮਲ ਗੁਰਦਿੱਤ ਸਿੰਘ ਦਲੇਰ, ਕਰਤਾਰ ਸਿੰਘ ਕਿਰਤੀ ਤੇ ਉਜਾਗਰ ਸਿੰਘ ਪ੍ਰਨਾਲੀਆਂ ਦੇ ਮੁਕੱਦਮੇ ਦੀ ਪੈਰਵਾਈ ਲਈ ਬਾਬਾ ਅਮਰ ਸਿੰਘ ਨੇ ਬਾਬਾ ਕਰਮ ਸਿੰਘ ਚੀਮਾ ਦੀ ਹਰ ਸੰਭਵ ਮਦਦ ਕੀਤੀ ਸੀ।

ਉਹਨਾਂ ਦੇ ਵਾਰੰਟ ਨਿਕਲਦੇ ਤਾਂ ਉਹ ਬਾਬਾ ਅਮਰ ਸਿੰਘ ਸੰਧਵਾਂ ਕੋਲ ਪਹੁੰਚਦੇ। ਬਾਬਾ ਅਮਰ ਸਿੰਘ ਆਪਣੇ ਮਕਾਨ ਦੀ ਡਿਊੜੀ ਦੇ ਸੱਜੇ ਪਾਸੇ ਬੈਠਕ ਦੇ ਨਾਲ ਵਾਲੇ ਕਮਰੇ ਹੇਠ ਬਣੇ ਭੋਰੇ ਵਿਚ ਉਨ੍ਹਾਂ ਰੂਪੋਸ਼ਾਂ ਨੂੰ ਛੁਪਾ ਲੈਂਦੇ। ਇਹ ਭੋਰਾ ਆਜ਼ਾਦੀ ਘੁਲਾਟੀਆਂ ਦੀ ਛੁਪਨਗਾਹ ਸੀ, ਜਿਹੜਾ ਸਿਆਲਾਂ ਨੂੰ ਗਰਮ ਤੇ ਗਰਮੀਆਂ ਦੇ ਮੌਸਮ ਵਿਚ ਠੰਡਾ ਰਹਿੰਦਾ ਸੀ। ਸਖ਼ਤ ਗਰਮੀਆਂ ਦੇ ਦਿਨਾਂ ਵਿਚ ਉਹ ਆਪ ਵੀ ਇਸੇ ਭੋਰੇ ਵਿਚ ਰਹਿੰਦੇ ਸਨ।



ਜਾਪਾਨੀਆਂ ਨੂੰ ਦਿੱਤੀ ਸਹਾਇਤਾ ਸਮੇਂ ਅਖ਼ਬਾਰਾਂ 'ਚ ਚਰਚਾ

ਸੰਧਵਾਂ ਤੋਂ ਕੰਗਰੋੜ ਨੂੰ ਜਾਂਦੀ ਸੜਕ ਉਤੇ ਖੱਬੇ ਪਾਸੇ ਪਿੰਡ ਤੋਂ ਬਾਹਰ ਇਕ ਤਲਾਅ, ਜੋ 'ਬੋਹੜਾਂ ਵਾਲਾ ਤਲਾਅ' ਦੇ ਨਾਂਅ ਨਾਲ ਪ੍ਰਸਿੱਧ ਸੀ। ਉਸ ਸਮੇਂ ਪੇਂਡੂਆਂ ਦਾ ਦਾਰੋਮਦਾਰ ਜ਼ਿਆਦਾ ਛੱਪੜਾਂ ਦੇ ਸੰਭਾਲੇ ਹੋਏ ਪਾਣੀ 'ਤੇ ਮੁਨਸਰ ਹੁੰਦਾ ਸੀ। ਇਸ ਤਲਾਅ ਦਾ ਪਾਣੀ ਨਹਾਉਣ ਤੇ ਕੱਪੜੇ ਧੋਣ ਲਈ ਵਰਤਿਆ ਜਾਂਦਾ ਸੀ। ਬਾਬਾ ਅਮਰ ਸਿੰਘ ਨੇ ਜਨਤਾ ਦੀ ਇਸ ਮੁੱਖ ਜ਼ਰੂਰਤ ਨੂੰ ਹੋਰ ਬੇਹਤਰ ਕਰਨ ਲਈ ਤਲਾਅ ਨੂੰ ਚਾਰੇ ਪਾਸਿਉਂ ਪੱਕਾ ਕਰਵਾ ਕੇ ਉਸ ਉਪਰ ਦੋ ਕਮਰੇ ਔਰਤਾਂ ਦੇ ਨਹਾਉਣ ਵਾਸਤੇ ਬਣਵਾਏ ਸਨ। ਇਨ੍ਹਾਂ ਕਮਰਿਆਂ ਵਿੱਚੀਂ ਪੱਕੀਆਂ ਪੌੜੀਆਂ ਤਲਾਅ ਵਿਚ ਉਤਰਦੀਆਂ ਸਨ। ਨਲਕੇ ਤੇ ਟਿਊਬਵਲਾਂ ਦੇ ਲੱਗਣ ਨਾਲ ਇਸ ਤਲਾਅ ਦੀ ਮਹੱਤਤਾ ਸਮੇਂ ਸਮੇਂ ਘਟਦੀ ਗਈ। ਇਸ ਵੱਲ ਅਣਦੇਖੀ ਕਾਰਨ ਤਲਾਅ ਦੇ ਇਹ ਕਮਰੇ ਹੌਲੀ-ਹੌਲੀ ਢੱਠ ਗਏ। ਬੋਹੜਾਂ ਕੱਟੀਆਂ ਗਈਆਂ। ਕਮਰਿਆਂ ਦੀਆਂ ਤਲਾਅ ਵਿਚ ਉਤਰਦੀਆਂ ਪੌੜੀਆਂ ਦੇ ਨਿਸ਼ਾਨ ਅੱਜ ਵੀ ਕਾਇਮ ਹਨ ਪਰੰਤੂ ਇਹ ਹੁਣ ਛੱਪੜ ਹੈ ਜਿਸ ਵਿਚ ਪਿੰਡ ਦਾ ਗੰਦਾ ਪਾਣੀ ਜਮਾਂ ਹੁੰਦਾ ਰਹਿੰਦਾ ਹੈ। ਅੱਸੀ ਸਾਲ ਦੇ ਸ. ਗੁਰਮੇਲ ਸਿੰਘ ਨੇ ਇਸ ਸਬੰਧੀ ਦੱਸਿਆ ਕਿ ਬੋਹੜਾਂ ਵਾਲੇ ਤਲਾਅ ਨੂੰ ਸ਼ੁਰੂ-ਸ਼ੁਰੂ 'ਚ ਜੁਆਲੀ ਨਾਂ ਦੇ ਇਕ ਵਿਅਕਤੀ ਨੇ ਬਣਵਾਇਆ ਸੀ। ਅਗੋਂ ਔਰਤਾਂ ਦੀ ਸਹੂਲਤ ਲਈ ਬਾਬਾ ਅਮਰ ਸਿੰਘ ਨੇ ਇਸ ਨੂੰ ਮੁਕੰਮਲ ਕਰਵਾਇਆ ਸੀ।[47]

ਵਿਦੇਸ਼ਾਂ ਵਿਚ ਹਿੰਦੀ ਸਮਝ ਗਏ ਸਨ ਕਿ ਉਨ੍ਹਾਂ ਦੀ ਗੁਲਾਮੀ ਦਾ ਇਕ ਕਾਰਨ ਉਨ੍ਹਾਂ ਦੀ ਅਨਪੜ੍ਹਤਾ ਹੈ। ਉਸ ਸਮੇਂ ਇਹ ਗੱਲ ਆਮ ਪ੍ਰਚਲਤ ਸੀ ਕਿ "ਤੇਤ੍ਹੀ ਕਰੋੜ

ਸੰਧਵਾਂ ਵਾਲੇ ਸਕੂਲ ਨੂੰ ਸ਼ੁਰੂ ਕਰਨ ਸਮੇਂ ਇਕ ਕਮਰਾ ਬਾਬਾ ਅਮਰ ਸਿੰਘ ਅਤੇ ਦੂਜਾ ਉਸਦੇ ਭਰਾ ਭਾਈ ਪੂਰਨ ਸਿੰਘ ਵਲੋਂ ਆਪਣੇ ਤੌਰ ਤੇ ਤਿਆਰ ਕਰਵਾਏ ਗਏ ਸਨ। ਇਸ ਸਕੂਲ ਦੀ ਇਮਾਰਤ ਦੀ ਮੌਜੂਦਾ ਵਿਸ਼ਾਲ ਦਿੱਖ ਹੈ। ਇਸ ਸਕੂਲ ਨੂੰ ਬਣਾਉਣ ਲਈ ਪਿੰਡ ਦੇ ਹੋਰ ਸੱਜਣਾਂ ਦਾ ਵੀ ਯੋਗਦਾਨ ਸੀ।

ਸੰਧਵਾਂ ਤੋਂ ਇਸ ਸਕੂਲ ਦੇ ਅੱਗਿਉਂ ਦੀ ਸੜਕ ਕੰਗਰੋੜ ਤੋਂ ਅੱਗੇ ਬਡੋਂ, ਨੰਡਾਲਾ ਨੂੰ ਜਾ ਨਿਕਲਦੀ ਹੈ। ਇਸ ਸੜਕ ਦੇ ਦੋਨੋਂ ਪਾਸੇ ਬਾਬਾ ਅਮਰ ਸਿੰਘ ਦੀ ਜ਼ਮੀਨ ਸੀ। ਸੜਕ ਦੇ ਕੰਢੇ ਆਪਣੀ ਜ਼ਮੀਨ ਵਿਚ ਉਨ੍ਹਾਂ ਨੇ ਰਾਹੀਆਂ ਦੇ ਠਹਿਰਨ ਤੇ ਪਾਣੀ ਲਈ ਇਕ ਪੱਕੀ ਖੂਹੀ ਬਣਵਾਈ ਹੋਈ ਸੀ। ਇਥੇ ਹੀ ਇਕ ਭਾਰੀ ਬੋਹੜ ਹੁੰਦੀ ਸੀ। ਅਜਿਹੀ ਠਾਹਰ ਨੂੰ ਪੌਅ ਆਖਿਆ ਜਾਂਦਾ ਸੀ। ਗਰਮੀਆਂ ਵਿਚ ਦੁਪਹਿਰ ਨੂੰ ਰਾਹੀ ਇਥੇ ਆਰਾਮ ਕਰਦੇ ਤੇ ਪਾਣੀ ਪੀ ਕੇ ਅੱਗੇ ਤੁਰਦੇ। ਗਰਮੀਆਂ ਦੇ ਮੌਸਮ ਵਿਚ ਪਿੰਡ ਦੇ ਚਾਰ-ਪੰਜ ਚੁਰਾਹਿਆਂ ਤੇ ਮੁਸਾਫ਼ਰਾਂ ਲਈ ਪਾਣੀ ਪਿਆਉਣ ਦਾ ਪ੍ਰਬੰਧ ਬਾਬਾ ਅਮਰ ਸਿੰਘ ਵਲੋਂ ਕੀਤਾ ਜਾਂਦਾ ਸੀ।[49]

ਸੰਧਵਾਂ ਦੇ ਅੱਡੇ ਵਿਚ ਬੋਹੜ ਦੇ ਹੇਠ ਪੌਅ ਹੁੰਦਾ ਸੀ। ਜਿਥੇ ਜੀਤ ਸਿੰਘ ਚਾਰ-ਪੰਜ ਪਾਣੀ ਦੇ ਘੜੇ ਰੱਖ ਕੇ ਬੈਠਾ ਹੁੰਦਾ, ਬੋਹੜ ਦੀ ਛਾਂ ਹੇਠ ਮੁਸਾਫ਼ਰ ਆਪਣਾ ਥਕੇਵਾਂ ਲਾਹੁੰਦੇ ਤੇ ਪਾਣੀ ਪੀ ਕੇ ਅੱਗੇ ਆਪਣੀ ਮੰਜ਼ਿਲ ਵੱਲ ਚੱਲ ਪੈਂਦੇ। ਪਿੰਡ ਦੇ ਲੋਕੀਂ ਦੁਪਹਿਰਾ ਕੱਟਣ ਲਈ ਇਸੇ ਬੋਹੜ ਹੇਠ ਬਾਰਾਟੈਣੀ, ਤਾਸ਼ ਆਦਿ ਖੇਡਣ ਨਾਲ ਮਨ-ਪ੍ਰਚਾਵਾ ਕਰਕੇ ਵਕਤ ਬਤੀਤ ਕਰਦੇ ਸਨ। ਸਾਰੀਆਂ ਗਰਮੀਆਂ ਇਹ ਸਿਲਸਿਲਾ ਚਲਦਾ ਰਹਿੰਦਾ। ਜੀਤ ਸਿੰਘ ਨੂੰ ਮਿਹਨਤਾਨੇ ਵਜੋਂ ਬਾਬਾ ਅਮਰ ਸਿੰਘ ਉਨ੍ਹਾਂ ਸਮਿਆਂ 'ਚ ਪੱਚੀ ਰੁਪਏ ਮਹੀਨਾ ਦਿੰਦੇ ਸਨ।[50] ਇਹ ਉਹ ਸਮਾਂ ਸੀ, ਜਦੋਂ ਟਿਊਬਵੈੱਲ ਜਾਂ ਨਲਕੇ ਟਾਵੇਂ-ਟਾਵੇਂ ਲੱਗੇ ਸਨ। ਮਹਿਰਾ ਬਿਰਾਦਰੀ ਵਾਲੇ ਖੂਹੀ ਤੋਂ ਪਾਣੀ ਭਰਕੇ ਲੋਕਾਂ ਦੇ ਘਰੀਂ ਪਹੁੰਚਾਉਂਦੇ। ਇਸਦੇ ਬਦਲੇ ਉਹਨਾਂ ਨੂੰ ਹਾੜੀ-ਛਾਉਣੀ ਮੌਕੇ ਦਾਣੇ ਦਿੱਤੇ ਜਾਂਦੇ। ਕਣਕ ਦੀ ਵਢਾਈ ਮੌਕੇ ਖੇਤਾਂ ਵਿਚ ਪੁੱਜ ਕੇ ਵਾਢਿਆਂ ਨੂੰ ਪਾਣੀ ਪਿਆਉਣਾ ਉਨ੍ਹਾਂ ਦਾ ਧੰਦਾ ਹੁੰਦਾ ਸੀ। ਇਹ ਸਿਲਸਿਲਾ ਸੱਤਰਵਿਆਂ ਤੱਕ ਚੱਲਦਾ ਰਿਹਾ ਹੈ।

ਬਾਬਾ ਅਮਰ ਸਿੰਘ ਦੇ ਪਰਉਪਕਾਰ ਦੀਆਂ ਅਨੇਕਾਂ ਕਹਾਣੀਆਂ ਪ੍ਰਚਲੱਤ ਹਨ। ਉਨ੍ਹਾਂ ਬਾਰੇ ਕਥਾ-ਕਹਾਣੀਆਂ ਦੀਆਂ ਯਾਦਾਂ ਅੱਜ ਵੀ ਉਨ੍ਹਾਂ ਨੂੰ ਜਾਨਣ ਵਾਲਿਆਂ ਦੇ ਅਵਚੇਤਨ ਵਿਚ ਸਾਂਭੀਆਂ ਪਈਆਂ ਹਨ। ਉਨ੍ਹਾਂ ਬਾਰੇ ਇਹ ਗੱਲ ਵੀ ਮਸ਼ਹੂਰ ਹੈ ਕਿ ਬਾਬਾ ਜੀ ਦੇ ਬੈਠਕ ਵਿਚ ਬੈਠਿਆਂ ਜਦੋਂ ਕੋਈ ਵੀ ਫੇਰੀ ਵਾਲਾ ਅੱਗਿਉਂ ਦੀ ਲੰਘਦਾ ਤਾਂ ਬਾਬਾ ਜੀ ਉਸਨੂੰ ਰੋਕ ਕੇ ਸਾਰੇ ਸਮਾਨ ਦਾ ਸੌਦਾ ਕਰ ਲੈਂਦੇ। ਸਬਜ਼ੀਆਂ ਤੋਂ ਇਲਾਵਾ ਖ਼ਾਸ ਕਰਕੇ ਖਰਬੂਜਿਆਂ, ਹਦਵਾਨਿਆਂ ਤੇ ਅੰਬਾਂ ਦੇ ਮੌਸਮ ਵਿਚ, ਉਹ ਅਕਸਰ ਅਜਿਹਾ ਕਰਦੇ ਰਹਿੰਦੇ। ਪਰਿਵਾਰ ਵੱਡਾ ਸੀ। ਅਗਰ ਖਰੀਦਿਆ ਸਮਾਨ ਪ੍ਰੀਵਾਰ ਦੀ ਲੋੜ ਤੋਂ ਵੱਧ ਜਾਂਦਾ ਤਾਂ ਆਂਢ-ਗੁਆਂਢ ਮੁਹੱਲੇ ਵਿਚ ਵੰਡ ਦਿੱਤਾ ਜਾਂਦਾ। ਸੰਧਵਾਂ ਦੇ ਲੋਕ ਉਨ੍ਹਾਂ ਦੇ ਜਿਸ ਵੱਡੇ ਪ੍ਰਉਪਕਾਰ ਦੀ ਗੱਲ ਕਰਕੇ ਅੱਜ ਵੀ

ਇਨਕਲਾਬੀ ਕਾਰਨਾਮਿਆਂ ਤੋਂ ਬਹੁਤ ਪ੍ਰਭਾਵਿਤ ਸਨ, ਜਿਸ ਦੇ ਕਾਰਨ ਸੰਧਵਾਂ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਕਿਰਤੀ ਕਿਸਾਨ ਲਹਿਰ ਦਾ ਗਹਿਰਾ ਪ੍ਰਭਾਵ ਸੀ। ਅੱਗੋਂ ਜਾ ਕੇ ਸੰਧਵਾਂ ਤੇ ਫਰਾਲਾ ਦੋਨੋਂ ਪਿੰਡ ਕਮਿਊਨਿਸਟ ਲਹਿਰ ਦਾ ਗੜ੍ਹ ਬਣ ਗਏ ਸਨ। ਪਿੰਡਾਂ ਵਿਚ ਕਿਸਾਨ ਕਮੇਟੀਆਂ, ਸ਼ਹਿਰਾਂ ਤੇ ਕਸਬਿਆਂ ਵਿਚ ਮਜ਼ਦੂਰ ਜਥੇਬੰਦੀਆਂ ਦਾ ਗਠਨ ਤੇਜ਼ੀ ਨਾਲ ਹੋਇਆ, ਤਾਂ ਸਰਕਾਰੀ ਦਮਨ ਵੀ ਤੇਜ਼ ਹੋ ਗਿਆ ਸੀ। ਇਸੇ ਦੌਰ ਵਿਚ ਫਰਾਲਾ ਤੇ ਸੰਧਵਾਂ ਨੇ ਕਮਿਊਨਿਸਟ ਲਹਿਰ ਨੂੰ ਜ਼ਿਲ੍ਹਾ ਪੱਧਰ ਦੇ ਅਨੇਕਾਂ ਵਰਕਰ ਦਿੱਤੇ ਸਨ, ਜਿਨ੍ਹਾਂ ਵਿਚ ਕਾ.ਰਤਨ ਸਿੰਘ ਸੰਧਵਾਂ, ਸੁੱਚਾ ਸਿੰਘ ਤੇ ਕਾਮਰੇਡ ਲੱਛਮਣ ਸਿੰਘ ਸੰਧਵਾਂ, ਮਹਿੰਗਾ ਸਿੰਘ ਅਤੇ ਕਿਰਪਾਲ ਸਿੰਘ ਫਰਾਲਾ ਸਿਰਕੱਢ ਸਨ।

ਦੂਜੀ ਸੰਸਾਰ ਜੰਗ ਦੌਰਾਨ ਕਮਿਊਨਿਸਟ ਪਾਰਟੀ ਦੀਆਂ ਜ਼ਿਲ੍ਹਾ ਕਮੇਟੀਆਂ ਦਾ ਗਠਨ ਕੀਤਾ ਗਿਆ, ਤਾਂ ਕਾ. ਰਜਿੰਦਰ ਸਿੰਘ ਸਰੀਂਹ, ਜ਼ਿਲ੍ਹਾ ਜਲੰਧਰ ਕਪੂਰਥਲਾ ਦੀ ਸਾਂਝੀ ਕਮੇਟੀ ਦੇ ਸਕੱਤਰ ਬਣਾਏ ਗਏ, ਕਾ. ਬਿਸ਼ਨ ਸਿੰਘ ਸੰਧਵਾਂ ਤੇ ਕਾ.ਮਹਿੰਗਾ ਸਿੰਘ ਫਰਾਲਾ ਜ਼ਿਲ੍ਹਾ ਕਮੇਟੀ ਮੈਂਬਰ ਬਣਾਏ ਗਏ। ਸੰਨ 1940 ਵਿਚ ਪਿੰਡ ਦੂਹੜਾ (ਨੇੜੇ ਅਲਾਵਲਪੁਰ) ਹੋਈ ਕਮਿਊਨਿਸਟ ਪਾਰਟੀ ਦੀ ਕਾਨਫਰੰਸ ਮੌਕੇ ਕਾ.ਰਾਜਿੰਦਰ ਸਿੰਘ ਸਰੀਂਹ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਗਏ, ਤਾਂ ਕਾ.ਰਤਨ ਸਿੰਘ ਸੰਧਵਾਂ ਉਸਦੀ ਥਾਂ ਸਕੱਤਰ ਬਣਾਏ ਗਏ ਸਨ।[55]

ਦੇਸ਼ ਦੀ ਵੰਡ ਤੋਂ ਬਾਅਦ ਕਾਮਰੇਡ ਭਜਨ ਸਿੰਘ 'ਅਮਲੀਆਂ ਦਾ' (ਉਸ ਦੇ ਖ਼ਾਨਦਾਨ ਦੀ ਅੱਲ੍ਹ) ਕਾ.ਗੁਰਬਖ਼ਸ਼ ਸਿੰਘ ਉਰਫ 'ਹੱਸੀ', ਦਰਸ਼ਨ ਸਿੰਘ ਠੇਕੇਦਾਰ, ਜਿਹੜੇ ਜਿਉਂਦੇ ਜੀ ਕਮਿਊਨਿਸਟ ਪਾਰਟੀ ਦੇ ਝੰਡਾ ਬਰਦਾਰ ਰਹੇ। ਕਾ. ਲਛਮਣ ਸਿੰਘ ਉਰਫ਼ 'ਲੱਛੂ' ਸੰਧਵਾਂ, ਪ੍ਰਸਿੱਧ ਕਮਿਊਨਿਸਟ ਕਾਰੰਕੁਨ ਸੀ। ਆਧਰਮੀ ਬਿਰਾਦਰੀ ਦੇ ਕਾ.ਚੰਨਣ ਰਾਮ ਪੁੱਤਰ ਚੂਹੜਾ ਰਾਮ ਤੇ ਸੰਸਾਰਾ ਰਾਮ ਸਾਰੀ ਜ਼ਿੰਦਗੀ ਕਾਮਰੇਡ ਲਛਮਣ ਸਿੰਘ ਉਰਫ 'ਲੱਛੂ' ਨਾਲ ਕੰਮ ਕਰਦੇ ਰਹੇ। ਕਮਿਊਨਿਸਟ ਪਾਰਟੀ ਦੀਆਂ ਜ਼ੁੰਮੇਵਾਰੀਆਂ ਨਿਭਾਉਣ ਸਮੇ ਉਹ ਹਮੇਸ਼ਾ ਉਸਦੇ ਨਾਲ ਰਹੇ। ਕਮਿਊਨਿਸਟ ਵਿਚਾਰਾਂ ਦਾ ਇਕ ਹੋਰ ਦਲਿਤ ਕਾਰਕੁੰਨ ਖੁਸ਼ੀਆ ਰਾਮ ਪੁੱਤਰ ਭੁੱਲਾ ਰਾਮ ਸੀ। ਬਾਬਾ ਅਮਰ ਸਿੰਘ ਭਾਵੇਂ ਸਿਆਸਤ ਦੀ ਅਗਲੀ ਪਾਲ ਵਿਚ ਨਹੀਂ ਸੀ ਆਉਂਦੇ, ਪਰ ਉਹ ਹਕੂਮਤ ਵਿਰੋਧੀ ਸ਼ਕਤੀਆਂ ਮਗਰ ਕੰਧ ਦੀ ਤਰ੍ਹਾਂ ਖੜ੍ਹ ਜਾਂਦੇ ਸਨ।

ਸੰਨ 1945 ਵਿਚ ਮਿੰਟਗੁਮਰੀ ਜ਼ਿਲ੍ਹੇ ਵਿਚ ਇਕ ਐਸੰਬਲੀ ਦੀ ਸੀਟ ਖਾਲੀ ਹੋ ਗਈ ਸੀ। ਇਸ ਸੀਟ ਤੋਂ ਕਿਰਤੀ ਕਮਿਊਨਿਸਟਾਂ ਵਲੋਂ ਲੁਧਿਆਣੇ ਵਾਲੇ ਬਾਬਾ ਜਲਵੰਤ ਸਿੰਘ ਆਰਿਫ ਵਾਲੇ ਨੂੰ ਉਮੀਦਵਾਰ ਬਣਾਇਆ ਗਿਆ ਸੀ। ਉਹਨਾਂ ਦਾ ਮੁਕਾਬਲਾ ਅਕਾਲੀ ਪਾਰਟੀ ਦੇ ਉਮੀਦਵਾਰ ਜਾਗੀਰਦਾਰ ਸ਼ੇਰ ਸਿੰਘ ਬੇਦੀ ਨਾਲ ਸੀ, ਉਹ ਚੋਣਾਂ ਅੱਜ ਦੀਆਂ ਚੋਣਾਂ ਵਾਂਗ ਖਰਚੀਲੀਆਂ ਨਹੀਂ ਸਨ। ਪਾਰਟੀ ਵਰਕਰ ਪੈਦਲ ਤੁਰ ਕੇ ਪ੍ਰਚਾਰ ਕਰਦੇ ਅਤੇ ਰੋਟੀ ਪਾਣੀ ਆਪਣੇ ਪੱਕੇ ਵੋਟਰਾਂ ਦੇ ਘਰੋਂ ਛੱਕਦੇ ਸਨ। ਖਰਚੇ ਸੀਮਿਤ ਸਨ। ਕਾਮਰੇਡ ਤੇਜਾ ਸਿੰਘ ਸੁਤੰਤਰ, ਕਾ. ਹਰਕਿਸ਼ਨ ਸਿੰਘ ਸੁਰਜੀਤ

ਦੇਸ਼ ਦੀ ਵੰਡ ਤੋਂ ਪਹਿਲਾਂ ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ ਦਾ ਇਜਲਾਸ ਦੋ ਜੂਨ 1938 ਨੂੰ ਬਾਬਾ ਵਸਾਖਾ ਸਿੰਘ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਹੋਇਆ, ਜਿਸ ਵਿਚ ਵਿਚਾਰਿਆ ਗਿਆ ਤੇ ਫੈਸਲਾ ਕੀਤਾ ਗਿਆ ਕਿ ਗ਼ਦਰ ਲਹਿਰ (1914-15) ਦੇ ਸ਼ਹੀਦਾਂ ਦੀ ਯਾਦ 'ਚ ਯਾਦਗਾਰ ਬਣਾਉਣ ਲਈ ਇਕ ਬੋਰਡ ਬਣਾਇਆ ਜਾਏ, ਜਿਹੜਾ ਮੁਲਕ ਨਾਲ ਹਿੱਤ ਰੱਖਣ ਵਾਂਲੇ ਲੋਕਾਂ ਤੋਂ ਰਾਵਾਂ ਤੇ ਸਲਾਹਾਂ ਇਕੱਠੀਆਂ ਕਰਕੇ ਫੈਸਲਾ ਕਰੇ ਕਿ ਆਉਣ ਵਾਲੀਆਂ ਨਸਲਾਂ ਦੇ ਸਾਹਮਣੇ, ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਯਾਦ ਨੂੰ ਕਿਸ ਤਰ੍ਹਾਂ ਕਾਇਮ ਰਖਿਆ ਜਾਏ? 'ਕਿਰਤੀ ਲਹਿਰ' ਮੇਰਠ ਨੇ ਲਿਖਿਆ:

> ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸ਼ਹਾਦਤਾਂ ਦਾ ਜਾਮ ਪੀਤਾ, ਉਨ੍ਹਾਂ ਦੀ ਯਾਦ ਨੂੰ ਤਰੋਤਾਜਾ ਰੱਖਣ ਲਈ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵੱਲੋਂ ਜੋ ਫੈਸਲਾ ਯਾਦਗਾਰ ਬਣਾਉਣ ਦਾ ਕੀਤਾ ਗਿਆ ਹੈ ਉਹ ਢੁਕਵੇਂ ਸਮੇਂ ਤੇ ਸ਼ਲਾਘਾਯੋਗ ਹੈ। ਸੰਤ ਬਾਬਾ ਵਸਾਖਾ ਸਿੰਘ ਦੀ ਪ੍ਰਧਾਨਗੀ ਹੇਠ ਬਣਾਈ ਗਈ ਸਬ ਕਮੇਟੀ ਵਲੋਂ ਇਹ ਰਾਇ ਪਬਲਿਕ ਦੇ ਸਨਮੁਖ ਕਰਦਿਆਂ ਕਿਹਾ ਗਿਆ ਕਿ ਇਹ ਕਾਰਜ ਕਰਨਾ ਤਾਂ ਪਹਿਲਾਂ ਹੀ ਚਾਹੀਦਾ ਸੀ ਲੇਕਿਨ ਕੌਮੀ ਸਰਗਰਮੀਆਂ ਵਿਚ ਮਸ਼ਰੂਫੀਅਤ ਦੇ ਕਾਰਨ ਨਹੀਂ ਹੋ ਸਕਿਆ। ਇਸ ਦੀ ਜ਼ਰੂਰਤ ਇਸ ਕਰਕੇ ਵੀ ਵੱਧ ਸੀ ਕਿ ਕੌਮੀ ਸੇਵਕਾਂ ਨੂੰ ਦੇਸ਼ ਦੇ ਹਿੱਤਾਂ ਲਈ ਦਿਨ ਰਾਤ ਕੰਮ ਕਰਦਿਆਂ ਅਜਿਹੀ ਕੋਈ ਥਾਂ ਨਹੀਂ ਜਿਥੇ ਉਹ ਆਪਣੀ ਦਿਮਾਗੀ ਭੁੱਖ ਨੂੰ ਪੂਰਾ ਕਰਨ ਲਈ ਰਾਜਸੀ ਤੇ ਮਾਲੀ ਸਮੱਸਿਆਵਾਂ ਉਪਰ ਆਰਾਮ ਨਾਲ ਵਿਚਾਰ ਕਰ ਸਕਣ। ਅਗਰ ਪਰਿਵਾਰ ਸਹਾਇਕ ਕਮੇਟੀ ਮਾਰੇ-ਮਾਰੇ ਫਿਰਨ ਵਾਲੇ ਦੇਸ਼ ਭਗਤਾਂ ਦੀ ਸਹਾਇਤਾ ਨਾ ਕਰਦੀ ਤਾਂ ਇਹਨਾਂ ਦੀ ਹਾਲਤ ਅਕਹਿ ਹੁੰਦੀ। ਪੰਜਾਬ ਦੇ ਕਿਸੇ ਸ਼ਹਿਰ ਵਿਚ ਵੀ ਅਜਿਹੀ ਕੋਈ ਪਬਲਿਕ ਬਿਲਡਿੰਗ ਨਹੀਂ ਜਿੱਥੇ ਮੌਸਮ ਦੀ ਖਰਾਬੀ ਦੇ ਬਾਵਜੂਦ ਨਿਰਵਿਘਨ ਜਲਸੇ-ਲੈਕਚਰ ਆਦਿ ਕੀਤੇ ਜਾ ਸਕਣ।

ਇਸ਼ਤਿਹਾਰ ਰਾਹੀਂ ਇਸ ਸੰਕਲਪ ਨੂੰ ਪੂਰਾ ਕਰਨ ਲਈ ਅੰਮ੍ਰਿਤਸਰ ਨੂੰ ਕੇਂਦਰ ਮਿਥਿਆ ਗਿਆ, ਜਿੱਥੇ ਇਕ ਪਬਲਿਕ ਹਾਲ ਦੇ ਨਾਲ ਇਕ ਪਬਲਿਕ ਲਾਇਬ੍ਰੇਰੀ ਬਣਾਉਣ ਦੀ ਯੋਜਨਾ ਸੀ। ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵਲੋਂ ਇਸ ਕਾਰਜ ਲਈ ਇਕ ਸਬ-ਕਮੇਟੀ ਬਣਾ ਕੇ ਇਹ ਵੀ ਅਪੀਲ ਕੀਤੀ ਕਿ ਇਸ ਕਾਰਜ ਮੁਸ਼ਕਲਾਂ ਤੇ ਖਰਚਿਆਂ ਭਰਿਆ ਹੋਣ ਦੇ ਬਾਵਜੂਦ ਜਾਗਦੇ ਖਿਆਲ ਵਾਲੇ ਦਾਨੀ ਅਤੇ ਕੌਮੀ ਸ਼ਹੀਦਾਂ ਦੇ ਕਦਰਦਾਨ ਇਸ ਕੰਮ ਨੂੰ ਸਿਰੇ ਚਾੜਨਗੇ। ਯਾਦਗਾਰ ਸਬ ਕਮੇਟੀ ਛੇਤੀ ਯਾਦਗਾਰ ਦਾ ਨਕਸ਼ਾ ਤਿਆਰ ਕਰਾ ਕੇ ਪਬਲਿਕ ਦੇ ਸੌਂਹੇ ਪੇਸ਼ ਕਰੇ ਤਾਂ ਜੋ ਦਾਨੀ ਸੱਜਣਾਂ ਨੂੰ ਮਾਲੀ ਲੋੜ ਦਾ ਪਤਾ ਲੱਗ ਸਕੇ। ਅਖੀਰ ਸਬ-ਕਮੇਟੀ ਵਲੋਂ ਇਹ ਐਲਾਨ ਕੀਤਾ

# ਕੌਮੀ ਸ਼ਹੀਦਾਂ ਦੀ ਯਾਦਗਾਰ

ਅਜ਼ਾਦੀ ਦੀ ਰਾਹ ਤੇ ਜੋ ਕੁਰਬਾਨੀਆਂ ਸੂਬਾ ਪੰਜਾਬ ਨੇ ਕੀਤੀਆਂ ਹਨ ਉਹ ਹਰ ਪਹਿਲੂ ਤੋਂ ਮਾਨ ਯੋਗ ਹਨ। ਜਿਹੜੀ ਅਹੂਤੀ ਇਸ ਸੂਬੇ ਦੇ ਨੌ-ਨਿਹਾਲਾਂ ਨੇ ਆਜ਼ਾਦੀ ਦੇ ਹਵਨ-ਕੁੰਡ ਵਿਚ ਦਿਤੀ ਹੈ। ਔਣ ਵਾਲੀਆਂ ਨਸਲਾਂ ਉਸਤੇ ਜ਼ਰੂਰ ਹੀ ਫਖਰ ਕਰਨਗੀਆਂ। ਗੁਲਾਮੀ ਦੀ ਲਾਨਤ ਨੂੰ ਉਤਾਰ ਸੁੱਟਣ ਦੇ ਮਗਰੋਂ ਸਾਡਾ ਦੇਸ਼ ਆਪਣੇ ਕੌਮੀ ਸ਼ਹੀਦਾਂ ਦੀ ਯਾਦ ਓਸੇ ਸ਼ਾਨ ਨਾਲ ਮਨਾਇਆ ਕਰੂਗਾ ਜਿੰਦਾਂ ਕਿ ਦੂਜੇ ਅਜ਼ਾਦ ਦੇਸ਼ ਆਪਣੇ ਕਿਰਪਾਲੂ ਸ਼ਹੀਦਾਂ ਦੀਆਂ ਯਾਦਗਾਰਾਂ ਮਨਾਂਦੇ ਹਨ। ਸਾਡੇ ਵਤਨੀ ਲੋਕ-ਸੇਵਕਾਂ ਚ ਵੀ ਛੋਟੇ ੨ ਲੈਨਿਨ, ਸਟਾਲਿਨ, ਡੀ. ਵਲੇਰਾ ਅਤੇ ਕਮਾਲ ਪਾਸ਼ਾ ਲੁਕੇ ਹੋਏ ਹਨ, ਜਿਨ੍ਹਾਂ ਦੇ ਸ਼ਾਨਦਾਰ ਭਵਿਖਤ ਬਾਰੇ ਅਸੀਂ ਅਜੇ ਕੀ ਆਖ ਸਕਦੇ ਹਾਂ।

ਅਜ਼ਾਦੀ ਦੀ ਸ਼ਮਾਂ ਉਤੇ ਕੁਰਬਾਨ ਹੋਣ ਵਾਲੇ ਬਹਾਦਰਾਂ ਸਬੰਧੀ ਸਾਡਾ ਜੋ ਫਰਜ਼ ਹੈ, ਉਸਨੂੰ ਪੂਰਾ ਕਰਣ ਖਾਤਰ "ਸ਼ਹੀਦੀ ਯਾਦਗਾਰ" ਬਣੌਣ ਦਾ ਜੋ ਫੈਸਲਾ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਨੇ ਕੀਤਾ ਹੈ, ਉਹ ਬਹੁਤ ਸ਼ਲਾਘਾ ਜੋਗ ਹੈ। ਉਹ, ਇਹ ਕਿ ਇਕ ਸ਼ਾਨਦਾਰ ਸ਼ਹੀਦੀ ਯਾਦਗਾਰ ਅੰਮ੍ਰਿਤਸਰ ਵਿਚ ਬਣਾਈ ਜਾਵੇ, ਜਿਸਦੀ ਸਬ ਕਮੇਟੀ ਮਾਨ ਜੋਗ ਬਾਬਾ ਵਸਾਖਾ ਸਿੰਘ ਜੀ ਦੀ ਪ੍ਰਧਾਨਗੀ ਵਿਚ ਬਣਾਈ ਗਈ ਹੈ। ਏਸ ਸ਼ੁਭ ਕਾਰਜ ਸਬੰਧੀ ਅਸੀਂ ਆਪਣੀ ਤੁੱਛ ਰਾਇ ਪਬਲਕ ਦੇ ਪੇਸ਼ ਕਰਨਾ ਚਾਹੁੰਦੇ ਹਾਂ:-ਸਾਨੂੰ ਇਹ ਵੇਖਕੇ ਖੁਸ਼ੀ ਹੋਈ ਹੈ ਕਿ ਦੇਸ਼ ਭਗਤ ਪ੍ਰਵਾਰ ਸਹਾਇਕ ਕਮੇਟੀ ਨੇ ਏਸ ਲੋੜੀਂਦੇ ਕੰਮ ਵਲ ਧਿਆਨ ਦਿਤਾ ਹੈ। ਚਾਹੀਦਾ ਤਾਂ ਇਹ ਸੀ ਕਿ ਹੁਣ ਤੋਂ ਬਹੁਤ ਸਮਾਂ ਪਹਿਲੋਂ ਪੰਜਾਬ ਦੇ ਸ਼ਹੀਦਾਂ ਦੀ ਯਾਦਗਾਰ ਕਾਇਮ ਕਰ ਦਿਤੀ ਜਾਂਦੀ, ਪਰ ਹੋਰ ਸਰਗਰਮੀਆਂ ਨੇ ਏਤਨੀ ਵੇਹਲ ਹੀ ਨਾਂ ਦਿਤੀ। ਇਨ੍ਹਾਂ ਹਾਲਾਂ ਵਿਚ ਅਸੀਂ ਵੇਖਿਆ ਹੈ, ਕਿ ਦਿਨੇ ਰਾਤ ਮਾਰੇ ੨ ਫਿਰਨ ਵਾਲੇ ਰਾਜਸੀ ਵਰਕਰਾਂ ਲਈ ਕੋਈ ਅਜੇਹੀ ਥਾਂ ਨਹੀਂ, ਜਿਥੇ ਉਹ ਆਪਣੀ ਦਮਾਗੀ ਭੁਖ ਮਿਟੌਂਦੇ ਹੋਏ, ਰਾਜਸੀ ਤੇ ਮਾਲੀ ਮਸਲਿਆਂ ਉਤੇ ਵਿਚਾਰ ਕਰ ਸਕਣ। ਕੌਮੀ ਸੇਵਕਾਂ ਨੂੰ ਸਿਰ ਲੁਕੌਣ ਲਈ ਵੀ ਕੋਈ ਠਿਕਾਣਾ ਨਹੀਂ। ਜੇ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਵਲੋਂ ਵੀ ਥੋੜੀ-ਘਣੀ ਸਹੈਤਾ ਨਾਂ ਕੀਤੀ ਜਾਂਦੀ ਹੋਵੇ ਤਾਂ ਕਈ ਕੌਮੀ ਸੇਵਕਾਂ ਦੀ ਹਾਲਤ ਅਕਹਿ ਹੋ ਜਾਵੇ।

ਅਸੀਂ ਏਸ ਗੱਲ ਤੇ ਵੀ ਹੈਰਾਨ ਹਾਂ, ਕਿ ਅੰਮ੍ਰਿਤਸਰ ਵਰਗੇ ਧਾਰਮੀ ਅਤੇ ਪਰਸਿਧ ਵਪਾਰੀ ਸ਼ਹਿਰ ਵਿਚ ਇਕ ਵੀ ਅਜੇਹਾ ਪਬਲਕ ਹਾਲ ਨਹੀਂ, ਜਿਸ ਵਿਚ ਮੀਂਹ ਨ੍ਹੇਰੀ ਸਮੇਂ ਜਲਸੇ ਲੈਕਚਰ ਆਦ ਕਰਵਾਏ ਜਾ ਸਕਣ। ਅਸੀਂ ਆਸ ਰਖਦੇ ਹਾਂ ਕਿ ਜੇ ਫੰਡਾਂ ਨੇ ਆਗਿਆ ਦਿਤੀ ਤਾਂ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਪਬਲਕ ਲਾਇਬ੍ਰੇਰੀ ਦੇ ਨਾਲ ਇਕ ਪਬਲਕ ਹਾਲ ਵੀ ਬਨਵਾਊ ਜੋ ਅੰਮ੍ਰਿਤਸਰ ਦੀ ਜਨਤਾਂ ਲਈ ਇਕ ਅਮੋਲਕ ਦਾਤ ਹੋਊ ਏਸ ਤਜਵੀਜ਼ ਨੂੰ ਸਿਰੇ ਚਾੜ੍ਹਕੇ ਕਮੇਟੀ, ਅੰਮ੍ਰਿਤਸਰ ਵਾਸੀਆਂ ਤੇ ਹੀ ਨਹੀਂ, ਸਗੋਂ ਸਾਰੀ ਪੰਜਾਬੀ ਜਨਤਾ ਉੱਤੇ ਭਾਰੀ ਉਪਕਾਰ ਕਰੂਗੀ।

ਪਰ ਇਹ ਸਲਾਹ ਦਿੰਦੇ ਹੋਏ ਅਸੀਂ ਅਨੁਭਵ ਕਰਦੇ ਹਾਂ ਕਿ ਅਸੀਂ ਯਾਦਗਾਰ ਕਮੇਟੀ ਦੇ ਕੰਮ ਨੂੰ ਵਧੀਕ ਮੁਸ਼ਕਲ ਅਤੇ ਬਹੁਤ ਖਰਚ ਵਾਲਾ ਬਣਾ ਰਹੇ ਹਾਂ, ਪਰ ਸਾਨੂੰ ਪੱਕਾ ਭਰੋਸਾ ਹੈ ਕਿ ਜਾਗਦੇ ਖਿਆਲ ਵਾਲੇ ਦਾਨੀ ਅਤੇ ਕੌਮੀ ਸ਼ਹੀਦਾਂ ਦੇ ਕਦਰਦਾਨ, ਏਸ ਕੰਮ ਵਿਚ ਕਮੇਟੀ ਦੀ ਪੂਰੀ ਸਹੈਤਾ ਕਰਕੇ ਏਸ ਸ਼ੁਭ ਕੰਮ ਨੂੰ ਸਿਰੇ ਚਾੜ੍ਹਣਗੇ। ਤੇ ਜੇ ਯਾਦਗਾਰ ਕਮੇਟੀ ਛੇਤੀ ਯਾਦਗਾਰ ਦਾ ਨਕਸ਼ਾ ਤਿਆਰ ਕਰਾ ਕੇ ਪਬਲਕ ਦੇ ਸੌਂਹੇ ਪੇਸ਼ ਕਰੇ ਤਾਂ ਜੋ ਦਾਨੀ ਸਜਣਾਂ ਨੂੰ ਕਮੇਟੀ ਦੀ ਮਾਲੀ ਲੋੜ ਦਾ ਪਤਾ ਲਗੇ।

ਅਸੀਂ ਆਪਣੀ ਵਲੋਂ ਏਲਾਨ ਕਰਦੇ ਹਾਂ ਕਿ ਅਸੀਂ ਏਸ ਨੇਕ ਕਾਰਜ ਚਿ ਯਾਦਗਾਰ ਕਮੇਟੀ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਤੇ ਆਸ ਕਰਦੇ ਹਾਂ ਕਿ ਕਮੇਟੀ ਨੂੰ ਏਸ ਕਾਰਜ ਵਿਚ ਬਹੁਤ ਛੇਤੀ ਸਫਲਤਾ ਪ੍ਰਾਪਤ ਹੋਊ। ਦਾਨੀ ਸਜਣਾਂ ਨੂੰ ਏਸ ਕਾਰਜ ਵਿਚ ਦਿਲ ਖੋਲ੍ਹਕੇ ਸਹੈਤਾ ਦੇ ਕੇ ਪੰਜਾਬ ਦੇ ਸ਼ਹੀਦਾਂ ਦੀਆਂ ਖੁਸ਼ੀਆਂ ਪਰਾਪਤ ਕਰਨੀਆਂ ਚਾਹੀਦੀਆਂ ਹਨ:-

## ਅਸੀਂ ਹਾਂ ਦੇਸ਼ ਦੇ ਤੁੱਛ ਸੇਵਕ:-

(ਡਾਕਟਰ) ਸਤਿਆਪਾਲ ਲਾਹੌਰ, ਤੇਜਾ ਸਿੰਘ ਚੂਹੜਕਾਣਾ, ਰਘਬੀਰ ਕੌਰ (ਐਮ. ਐਲ. ਏ.) (ਬਾਬਾ) ਰੂੜ ਸਿੰਘ (ਐਮ. ਐਲ. ਏ) ਇੰਦਰ ਸਿੰਘ ਵੇਰਕਾ, ਭਗਵਾਨ ਸਿੰਘ ਲੌਂਗੋਵਾਲੀਆ, ਹਰਮਿੰਦਰ ਸਿੰਘ (ਅਮਰੀਕਨ) ਕਰਮ ਸਿੰਘ (ਧੂਤ) ਅਮਰ ਸਿੰਘ ਸਿਧਮ, ਸੁੰਦਰ ਸਿੰਘ, (ਬਬਰ ਮਖਸੂਸ ਪੁਰੀ) ਮੁਨਸ਼ਾ ਸਿੰਘ (ਬਬਰ ਜੇਹਲ), ਹਜਾਰਾ ਸਿੰਘ (ਅਕਾਲੀ) ਕਲਕਤਾ, ਨੰਦ ਸਿੰਘ (ਭਾਈਆ) ਕਲਕਤਾ, (ਬਾਬਾ) ਹਰਦਿਤ ਸਿੰਘ ਲੰਮੇ, (ਬਾਬੂ ਅਮਰ ਸਿੰਘ ਲੁਦਿਹਾਨਾ, (ਬਾਬਾ) ਗਿਆਨ ਸਿੰਘ ਨੀਲੀਬਾਰ (ਗਿਆਨੀ) ਹੀਰਾ ਸਿੰਘ 'ਦਰਦ', ਦਸੌਂਧਾ ਸਿੰਘ (ਅਮਰੀਕਨ) ਰਾਮਕਿਸ਼ਨ (ਬੀ. ਏ. ਨੈਸ਼ਨਲ) ਚੰਨਣ ਸਿੰਘ ਗਿਲ ਕਲਕੱਤਾ, ਮੰਗਲ ਸਿੰਘ ਬਾਲੇ ਚਕ ਕਲਕਤਾ, (ਮੁਨਸ਼ੀ) ਅਹਿਮਦ ਦੀਨ, ਟੀਕਾ ਰਾਮ ਸੁਖਨ, (ਬਾਬਾ ਸੋਹਨ ਸਿੰਘ ਭਕਨਾ, ਕਰਮ ਸਿੰਘ ਚੀਮਾਂ, ਸ਼ੇਰ ਸਿੰਘ ਵੇਈਂ ਪੋਈਂ, ਬਸੰਤ ਸਿੰਘ, ਸੰਤਾ ਸਿੰਘ ਗੰਡੀਵਿੰਡ, ਭਗਤ ਸਿੰਘ ਬਿਲਗਾ, ਬੂਝਾ ਸਿੰਘ ਚਕ ਮਾਈ ਦਾਸ, (ਡਾਕਟਰ) ਭਾਗ ਸਿੰਘ, ਇੰਦਰ ਸਿੰਘ ਸੁਰ ਸਿੰਘ, ਹਰਨਾਮ ਸਿੰਘ ਚਮਕ (ਅਹਿਮਦ ਗੜ੍ਹ ਰੇਲਵੇ ਡਕੈਤੀ) ਹਜਾਰਾ ਸਿੰਘ (ਉੱਟੀ ਕਸ) ਮੁਬਾਰਕ ਸਾਗਰ, ਸੰਨੋ ਦੇਵੀ (ਲਾਹੌਰ) ਕਿਦਾਰ ਨਾਥ ਸਹਿਗਲ (ਲਾਹੌਰ) ਬਚਨ ਸਿੰਘ ਤਖਾਨਵਧ, ਕਰਤਾਰ ਸਿੰਘ ਲਾਇਲਪੁਰੀ, ਰਤਨ ਸਿੰਘ ਘੋਲੀਆ, ਦੂਲਾ ਸਿੰਘ ਅਮਰੀਕਨ ਜਲਾਵਤਨ।

ੴ

# ਦੇਸ਼ ਭਗਤ ਯਾਦਗਾਰ ਫੰਡ

ਵਲੋਂ

ਕਲਕੱਤੇ ਦੀ ਉਗਰਾਹੀ

ਦੀ

# ਰੀਪੋਟ

ਜੋ

ਬਾਬਾ ਵਿਸਾਖਾ ਸਿੰਘ ਜੀ ਰਾਹੀਂ ਹੋਈ

ਪ੍ਰਕਾਸ਼ਕ-

## ਹਰਨਾਮ ਸਿੰਘ, ਸੈਕ੍ਰੇਟਰੀ

ਦੇਸ਼ ਭਗਤ ਪ੍ਰਵਾਰ ਸਹਾਇਕ ਕਮੇਟੀ
ਅੰਮ੍ਰਿਤਸਰ

੧੯੪੪-੪੫

ਆਬਾਦੀ ਤਾਂ ਕੁਦਰਤੀ ਤੌਰ ਤੇ ਤਬਦੀਲ ਹੋਣੀ ਹੀ ਸੀ। ਪਰ ਮਾਰ-ਕਾਟ ਤੇ ਲੁੱਟਣਾ ਇਹ ਬਿਲਕੁਲ ਗਲਤ ਤੇ ਨਾ ਵੇਖਣ ਵਾਲਾ ਦ੍ਰਿਸ਼ ਪੇਸ਼ ਕਰ ਰਿਹਾ ਸੀ। ਇਧਰ ਵੀ ਇੰਝ ਹੀ ਸੀ।

ਸੰਧਵਾਂ ਵਿਚ ਜਿੱਥੇ ਮੈਂ ਉਸ ਸਮੇਂ ਪੜ੍ਹਾ ਰਹੀ ਸਾਂ, ਲੰਬੜਦਾਰ ਮਸਤਾਨ ਸਿੰਘ ਨੇ ਮੈਨੂੰ ਘਰ ਸੱਦ ਕੇ ਦੱਸਿਆ ਕਿ ਸੁਨੇਹਾ ਆਇਆ ਹੈ, ਜਿਹੜਾ ਆਦਮੀ ਮੁਸਲਮਾਨਾਂ ਦੀ ਰਾਖੀ ਕਰੇਗਾ ਉਸਨੂੰ ਅਸੀਂ ਗੋਲੀ ਮਾਰਾਂਗੇ ਤੇ ਅਸੀਂ ਤੁਹਾਡੇ ਪਿੰਡ ਆ ਰਹੇ ਹਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਸਕੂਲ ਵਿਚ ਪੰਦਰਾਂ ਦਿਨਾਂ ਦੀ ਛੁੱਟੀ ਕਰ ਦਿੰਦੀ ਹਾਂ ਤੇ ਸਾਰੇ ਮੁਸਲਮਾਨ ਸਕੂਲ ਦੇ ਅੰਦਰ ਡੱਕ ਕੇ ਬਾਹਰੋਂ ਜੰਦਾ ਲਾ ਦਈਏ। ਉਸ ਸਕੂਲ 'ਚ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਨੰਬਰਦਾਰ ਦੇ ਘਰ ਦਾਲ ਦੀ ਤੇਗ ਤਿਆਰ ਕਰਵਾ ਲੈਣੀ ਤੇ ਪਿੰਡ ਦੀਆਂ ਆਗੂ ਭੈਣਾਂ ਨੂੰ ਸੱਦ ਕੇ ਮੈਂ ਇਹ ਕਹਿ ਦਿੱਤਾ ਕਿ ਇਕ ਘਰ ਵਿਚ ਐਨਿਆਂ ਲੋਕਾਂ ਦੀ ਰੋਟੀ ਪਕਾਉਣੀ ਔਖੀ ਹੈ ਇਸ ਲਈ ਟੋਕਰੀ ਫੇਰਾਂਗੇ। ਆਪਣੀ ਗਲੀ 'ਚ ਭੈਣਾਂ ਨੂੰ ਆਖ ਦਿਓ ਕਿ ਉਹ ਇਕ-ਦੋ ਰੋਟੀਆਂ ਉਸ ਟੋਕਰੀ ਵਿਚ ਪਾ ਦੇਣ ਤੇ ਟੋਕਰਾ ਰੱਸੀਆਂ ਨਾਲ ਬੰਨ੍ਹ ਕੇ ਵਿਹੜੇ ਵਿਚ ਲਟਕਾ ਦੇਵਾਂਗੇ। ਇਸੇ ਤਰ੍ਹਾਂ ਦਾਲ ਤੇ ਪਾਣੀ ਦੀਆਂ ਬਾਲਟੀਆਂ ਲਟਕਾ ਕੇ ਉਨ੍ਹਾਂ ਨੂੰ ਰੋਟੀ ਖਿਲਾਉਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਘਰਾਂ ਦਾ ਕੁਝ ਸਾਮਾਨ ਜਿਹੜਾ ਵੇਚਿਆ ਜਾ ਸਕਦਾ ਸੀ, ਵੇਚ ਕੇ ਉਨ੍ਹਾਂ ਨੂੰ ਨਕਦ ਪੈਸੇ ਦੇ ਦਿੱਤੇ।

ਦਸ-ਪੰਦਰਾਂ ਦਿਨ ਇਹ ਕੁਝ ਹੁੰਦਾ ਰਿਹਾ। ਫੇਰ ਜਦੋਂ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਕਾਇਮ ਹੋ ਗਈਆਂ ਤਾਂ ਉਨ੍ਹਾਂ ਨੇ ਕੁਝ ਸ਼ਰਤਾਂ 'ਤੇ ਸਮਝੌਤਾ ਕਰ ਲਿਆ। ਜਿਨ੍ਹਾਂ ਵਿਚ ਇਕ ਸ਼ਰਤ ਇਹ ਵੀ ਸੀ ਕਿ ਜਿੰਨੇ ਹਿੰਦੂ ਹਿੰਦੋਸਤਾਨ ਵਿਚ ਆਉਣਗੇ ਓਨੇ ਹੀ ਮੁਸਲਮਾਨ ਭੇਜੇ ਜਾਣਗੇ। ਜਦੋਂ ਇਹ ਫ਼ੈਸਲਾ ਹੋਇਆ ਤਾਂ ਕੈਂਪ ਬੱਝਣ ਲੱਗ ਪਏ। ਸੰਧਵਾਂ ਲਈ ਕੈਂਪ ਬਹਿਰਾਮ ਵਿਖੇ ਸੀ ਤਾਂ ਸਾਰੇ ਮੁਸਲਮਾਨਾਂ ਨੂੰ ਤੜਕੇ ਤਿੰਨ-ਚਾਰ ਵਜੇ ਸੰਧਵਾਂ ਦੀ ਪੰਚਾਇਤ ਬਹਿਰਾਮ ਛੱਡਕੇ ਆਈ ਅਤੇ ਉਨ੍ਹਾਂ ਨੂੰ ਨਕਦ ਪੈਸੇ ਵੀ ਦਿੱਤੇ ਗਏ ਕਿ ਰਸਤੇ ਵਿਚ ਕੰਮ ਆਉਣਗੇ।

ਹੁਣ ਕੰਮ ਸੀ ਕਿ ਜਿਹੜੇ ਹਿੰਦੂ ਸਿੱਖ ਓਧਰੋਂ ਆਉਂਦੇ ਹਨ, ਉਨ੍ਹਾਂ ਦੀ ਮੱਦਦ ਕਰਨ ਦਾ। ਇਸੇ ਤਰ੍ਹਾਂ ਕੁਝ ਸਾਥੀਆਂ, ਜੋ ਸਾਨੂੰ ਜਾਣਦੇ ਸਨ, ਉਨ੍ਹਾਂ ਨੇ ਆਪਣੇ-ਆਪਣੇ ਰਿਸ਼ਤੇਦਾਰਾਂ ਜਾਂ ਮਿੱਤਰਾਂ ਦੋਸਤਾਂ ਨਾਲ ਸੰਬੰਧ ਜੋੜਨੇ ਸ਼ੁਰੂ ਕੀਤੇ। ਇਸ ਦੌਰਾਨ ਸੰਧਵਾਂ ਵਿਖੇ ਹੀ ਸਾਡੀ ਸਪੁੱਤਰੀ ਸਵਿਤਾ ਦਾ ਜਨਮ ਹੋਇਆ ਤੇ ਸੰਧਵਾਂ ਦਾ ਸਕੂਲ ਉਥੋਂ ਦੀ ਪੰਚਾਇਤ ਨੇ ਪਲੈਨ ਮੁਤਾਬਿਕ ਡਿਸਟਿਕਟ ਬੋਰਡ ਨੂੰ ਦੇ ਦਿੱਤਾ।''[60]

**ਵਿਚ ਸੰਪੂਰਨ ਹੋਇਆ। ਡਾਕੇ ਦਾ ਸਭ ਮਾਲ ਕਾਮਰੇਡ ਪੀ. ਸੁੰਦਰਈਆ ਨੂੰ ਦਿੱਤਾ ਗਿਆ ਸੀ।**[62]

ਕਾ. ਪੀ. ਸੁੰਦਰੀਏ ਨੇ ਕਾ. ਜਗਜੀਤ ਸਿੰਘ ਅਨੰਦ ਕੋਲ ਇਸ ਗੱਲ ਦਾ ਖੁਲਾਸਾ ਬਾਦ ਵਿਚ ਕੀਤਾ ਸੀ ਜਦੋਂ ਉਹ ਗੱਡੀ ਵਿਚ ਇਕੱਠੇ ਸਫਰ ਕਰ ਰਹੇ ਸਨ।

ਇਹ ਵੀ ਵਿੰਡਬਨਾ ਸੀ ਕਿ ਰਾਮ ਨਗਰ ਡਕੈਤੀ ਦੇ ਹੱਥ ਲੱਗੇ ਮਾਲ ਵਿਚੋਂ ਨਾ ਤਾਂ ਉਨ੍ਹਾਂ ਦੇ ਮੁਕੱਦਮੇ ਉੱਪਰ ਖ਼ਰਚ ਹੋਇਆ ਤੇ ਨਾ ਹੀ ਸੀ.ਪੀ.ਆਈ. ਵੱਲੋਂ ਉਨ੍ਹਾਂ ਉਪਰ ਬਣੇ ਸੰਕਟ ਸਮੇਂ ਕੋਈ ਸਹਾਇਤਾ ਕੀਤੀ ਗਈ ਸੀ। ਕਮਿਊਨਿਸਟ ਲਹਿਰ ਦੀ ਏਕਤਾ ਲਈ ਲਾਲ ਪਾਰਟੀ ਤੋੜਨ ਦਾ ਫੈਸਲਾ ਹੋਇਆ ਤਾਂ ਕਾ. ਤੇਜਾ ਸਿੰਘ ਸੁਤੰਤਰ ਨੂੰ ਖਿਆਲ ਆਇਆ ਕਿ ਪਾਰਟੀ ਬਣਾਉਣ ਅਤੇ ਚਲਾਉਣ ਸਮੇਂ ਬਾਬਾ ਅਮਰ ਸਿੰਘ ਸੰਧਵਾਂ ਤੋਂ ਲਏ ਉਧਾਰੇ ਪੈਸਿਆਂ ਨੂੰ ਵਾਪਸ ਕਿਵੇਂ ਕੀਤਾ ਜਾਵੇ। ਆਖਰ ਉਸ ਨੂੰ ਇਹ ਡਾਕਾ ਮਾਰਨ ਦੀ ਯੋਜਨਾ ਬਣਾਉਣੀ ਪਈ। ਬਾਬਾ ਗੁਰਮੁਖ ਸਿੰਘ ਵੱਲੋਂ ਕਾ. ਤੇਜਾ ਸਿੰਘ ਸੁਤੰਤਰ 'ਤੇ ਦੋਸ਼ ਲਾਉਣ ਦੇ ਉਤਰ ਵਿਚ ਕਾ. ਸੁਤੰਤਰ ਨੇ ਆਪਣੀ ਸਫਾਈ ਲਈ ਸੂਬਾ ਕੌਂਸਲ ਵਿਚ ਸਪੱਸ਼ਟ ਕਰਦਿਆਂ ਕਿਹਾ ਸੀ, "ਡਾਕਾ ਇਸ ਕਰਕੇ ਮਾਰਿਆ ਕਿ ਲੋਕਾਂ ਤੋਂ ਉਧਾਰ ਲਏ ਪੈਸੇ ਵਾਪਸ ਮੋੜ ਸਕਾਂ। ਬਾਬਾ ਅਮਰ ਸਿੰਘ ਸੰਧਵਾਂ ਜੀ ਅਜੇ ਜਿਉਂਦੇ ਬੈਠੇ ਹਨ ਜਿਨ੍ਹਾਂ ਤੋਂ ਇਸ ਦੀ ਤਸਦੀਕ ਲਈ ਭਾਵੇਂ ਪੁੱਛ ਲਓ। ਬਾਕੀ ਬਚੇ ਪੈਸੇ ਹਥਿਆਰਾਂ ਸਮੇਤ ਮੈਂ ਕਾ. ਸੁੰਦਰੱਈਆ ਨੂੰ ਪਾਰਟੀ ਫੰਡ ਲਈ ਦੇ ਦਿੱਤੇ ਸਨ। ਭਾਵੇਂ ਮੁਕੱਦਮੇ ਦੀ ਪੈਰਵਾਈ ਲਈ ਪਾਰਟੀ ਨੇ ਜ਼ੁੰਮੇਵਾਰੀ ਨਹੀਂ ਨਿਭਾਈ ਜਿਸ ਕਰਕੇ ਮੈਨੂੰ ਮੁਕੱਦਮਾ ਆਪਣੇ ਹਮਦਰਦਾਂ ਤੋਂ ਪੈਸੇ ਲੈ ਕੇ ਲੜਨਾ ਪਿਆ।" ਇਸ ਤਰ੍ਹਾਂ ਕਾ. ਸੁਤੰਤਰ ਵਲੋਂ ਬਾਬਾ ਅਮਰ ਸਿੰਘ ਸੰਧਵਾਂ ਨੂੰ ਪੈਸੇ ਵਾਪਸ ਕੀਤੇ ਗਏ ਸਨ।*

## ਦੇਸ਼ ਭਗਤ ਯਾਦਗਾਰ

ਦੇਸ਼ ਦੀ ਵੰਡ ਤੋਂ ਬਾਅਦ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਨੇ ਦੇਖਿਆ ਕਿ ਦੇਸ਼ ਦੀ ਹਕੂਮਤ ਅਤੇ ਇਸ ਦੀ ਸੰਚਾਲਕ ਕਾਂਗਰਸ ਪਾਰਟੀ ਦੇਸ਼ ਦੀ ਸਮੁੱਚੀ ਇਨਕਲਾਬੀ ਲਹਿਰ ਨੂੰ ਲੋਕਾਂ ਦੇ ਦਿਲਾਂ ਵਿਚੋਂ ਭੁਲਾ ਦੇਣ ਦੀ ਕੋਸ਼ਿਸ਼ ਵਿਚ ਲੱਗ ਗਈ ਹੈ ਤੇ ਆਜ਼ਾਦੀ ਪ੍ਰਾਪਤ ਕਰ ਲੈਣ ਦਾ ਸੇਹਰਾ ਇਕੱਲੇ ਮਹਾਤਮਾ ਗਾਂਧੀ ਦੇ ਸਿਰ ਬੰਨ੍ਹਣ ਦੇ ਸਿਰ ਤੋੜ ਯਤਨ 'ਚ ਪੈ ਗਈ ਹੈ। 1954 ਦੇ ਅਖੀਰ ਵਿਚ ਬਾਬਾ ਗੁਰਮੁਖ ਸਿੰਘ ਲਲਤੋਂ ਨੇ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਅੱਗੇ ਸੁਝਾਅ ਰੱਖਿਆ ਕਿ ਹੁਣ ਦੇਸ਼ ਭਗਤਾਂ ਦੀ ਯਾਦਗਾਰ ਦਾ ਕਾਰਜ ਅਰੰਭਿਆ ਜਾਏ, ਜਿਨ੍ਹਾਂ ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਦੇਸ਼ ਦੇ ਆਜ਼ਾਦ ਹੋਣ ਪਿਛੋਂ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਸੀ। ਦੇਸ਼ ਦੀ ਆਜ਼ਾਦੀ ਵਿਚ ਗ਼ਦਰ ਪਾਰਟੀ ਤੇ ਦੇਸ਼ ਦੀਆਂ ਇਨਕਲਾਬੀ ਲਹਿਰਾਂ ਦੇ ਸੂਰਜ ਵਾਂਗ ਚਮਕਦੇ ਹਿੱਸੇ ਨੂੰ ਸੁਰਜੀਤ ਕਰਨ ਤੇ ਇਸ ਦੀ ਜੋਤ ਨੂੰ ਲੋਕਾਂ ਦੇ ਮਨਾਂ ਅੰਦਰ ਜਗਾਈ ਰੱਖਣ ਲਈ 8 ਦਸੰਬਰ 1954 ਨੂੰ ਜਲੰਧਰ 'ਚ ਬਾਬਾ ਵਸਾਖਾ ਸਿੰਘ



9. ਉਜਾਗਰ ਸਿੰਘ ਚੀਮਾ ਸਪੁੱਤਰ ਬਾਬਾ ਕਰਮ ਸਿੰਘ ਚੀਮਾ (ਟਰੱਸਟੀ)
10. ਡਾ. ਭਾਗ ਸਿੰਘ ਮਖਸੂਸਪੁਰੀ
11. ਸਾਥੀ ਦੁੱਲਾ ਸਿੰਘ ਜਲਾਲਦੀਵਾਲ
12. ਸ. ਮਹਿੰਗਾ ਸਿੰਘ ਖਾਨਖਾਨਾ
13. ਸ. ਅਮਰ ਸਿੰਘ ਮਾਨ ਲੁਧਿਆਣਾ
14. ਸ. ਅੱਛਰ ਸਿੰਘ ਛੀਨਾ

ਦਾਸ ਨੇ ਲਾਹੌਰ ਦੇ ਸ਼ਹੀਦ ਗੰਜ ਦਾ, ਜਿਸ ਨੇ ਆਪਣੀ ਜੀ. ਟੀ. ਰੋਡ ਵਾਲੀ ਰਿਹਾਇਸ਼ੀ ਕੋਠੀ ਤੇ ਉਸ ਨਾਲ ਲੱਗਦੀ ਖੁੱਲ੍ਹੀ ਜ਼ਮੀਨ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਪਚਵੰਜਾ ਹਜ਼ਾਰ ਰੁਪਏ ਵਿਚ ਦੇਣੀ ਮੰਨ ਲਈ, ਜਿਹੜੀ ਆਮ ਕੀਮਤ ਤੋਂ ਬਹੁਤ ਘੱਟ ਸੀ। ਰਾਏ ਬਹਾਦਰ ਬਦਰੀ ਦਾਸ ਵਲੋਂ ਏਨੀ ਘਟ ਕੀਮਤ ਤੇ ਇਹ ਜ਼ਮੀਨ ਕਮੇਟੀ ਨੂੰ ਦੇਣ ਪਿੱਛੇ ਕਾਰਨ ਸੀ ਕਿ ਦੇਸ਼ ਲਈ ਮਰ ਮਿਟਣ ਵਾਲਿਆਂ ਪ੍ਰਤੀ ਉਸਦੀ ਬੜੀ ਸ਼ਰਧਾ ਸੀ।[67]

## ਦੇਸ਼ ਭਗਤ ਯਾਦਗਾਰ ਕਮੇਟੀ ਦੇ ਖਜਾਨਚੀ ਵਜੋਂ

ਦੇਸ਼ ਭਗਤ ਯਾਦਗਾਰ ਕਮੇਟੀ ਦੇ ਖਜ਼ਾਨਚੀ ਬਾਬਾ ਅਮਰ ਸਿੰਘ ਸੰਧਵਾਂ ਪਾਸ ਜ਼ਮੀਨ ਅਤੇ ਦੌਲਤ ਕਾਫੀ ਸੀ ਪ੍ਰੰਤੂ ਉਨ੍ਹਾਂ ਦਾ ਆਪਣਾ ਕੋਈ ਵਾਰਸ ਨਹੀਂ ਸੀ, ਜਿਸ ਕਰਕੇ ਭਰਾਵਾਂ ਦਰਮਿਆਨ ਕਲੇਸ਼ ਪੈਦਾ ਹੋ ਗਿਆ ਸੀ। ਬਾਬਾ ਗੁਰਮੁਖ ਸਿੰਘ ਲਲਤੋਂ ਕਲੇਸ਼ ਦੇ ਨਿਪਟਾਰੇ ਲਈ ਸੰਧਵਾਂ ਪੁੱਜੇ ਅਤੇ ਉਨ੍ਹਾਂ ਬਾਬਾ ਅਮਰ ਸਿੰਘ ਦੇ ਭਰਾਵਾਂ ਨੂੰ ਹਦੈਤ ਕੀਤੀ ਕਿ ਉਹ ਕਿਸੇ ਵੀ ਤਰੀਕੇ ਨਾਲ ਬਾਬਾ ਜੀ ਨੂੰ ਤੰਗ ਕਰਨ ਦੀ ਕੋਸ਼ਿਸ਼ ਨਾ ਕਰਨ। ਪਰਿਵਾਰ ਵਿੱਚ ਕਹੀਆਂ ਬਾਬਾ ਗੁਰਮੁਖ ਸਿੰਘ ਦੀਆਂ ਗੱਲਾਂ ਤੋਂ ਪ੍ਰਭਾਵਤ ਹੋ ਕੇ ਬਾਬਾ ਅਮਰ ਸਿੰਘ ਦੇ ਭਰਾਵਾਂ ਨੇ ਉਨ੍ਹਾਂ ਨੂੰ ਭਰੋਸਾ ਦੁਆਇਆ ਕਿ ਉਹ ਬਾਬਾ ਅਮਰ ਸਿੰਘ ਬਾਰੇ ਅਗੋਂ ਤੋਂ ਕੋਈ ਵੀ ਸ਼ਿਕਾਇਤ ਦਾ ਮੌਕਾ ਨਹੀਂ ਦੇਣਗੇ। ਘਰੇਲੂ ਕਲੇਸ ਦੀ ਨਮਿਰਤੀ ਤੋਂ ਬਾਬਾ ਅਮਰ ਸਿੰਘ ਬਹੁਤ ਖੁਸ਼ ਹੋਏ, ਉਹ ਕਮੇਟੀ ਦੇ ਖੁਦ ਖਜਾਨਚੀ ਵੀ ਸਨ ਤੇ ਸੇਵਾ ਦੇ ਪੁੰਜ ਵੀ।[68]

ਬਾਬਾ ਅਮਰ ਸਿੰਘ ਸੰਧਵਾਂ ਨੂੰ ਇਹ ਜ਼ਮੀਨ ਏਨੀ ਪਸੰਦ ਆਈ ਕਿ ਉਨ੍ਹਾਂ ਨੇ ਇਸ ਦਾ ਸੌਦਾ ਛੇਤੀ ਤੋਂ ਛੇਤੀ ਕਰਨ ਦੀ ਠਾਣ ਲਈ ਅਤੇ ਬਿਨ੍ਹਾਂ ਕਿਸੇ ਦੇਰੀ ਦੇ ਰਜਿਸਟਰੀ ਕਰਾਉਣ ਲਈ ਆਪਣੇ ਕੋਲੋਂ ਯੱਕ-ਮੁਸ਼ਤ ਜ਼ਮੀਨ ਦੀ ਕੀਮਤ ਸਮੇਤ ਖ਼ਰਚੇ ਦੇ 61000/-ਰੁਪਏ ਦੇ ਕੇ ਕਮੇਟੀ ਦੀਆਂ ਸਾਰੀਆਂ ਚਿੰਤਾਵਾਂ ਦੂਰ ਕਰ ਦਿੱਤੀਆਂ। ਅਠਾਰਾਂ ਕਮਰਿਆਂ ਵਾਲੀ ਕੋਠੀ ਸਮੇਤ ਕਰੀਬ ਤਿੰਨ ਏਕੜ ਜ਼ਮੀਨ ਦੀ 16 ਦਸੰਬਰ, 1955 ਨੂੰ 66,500 ਰੁਪਏ ਨਾਲ ਰਜਿਸਟਰੀ ਕਰਾ ਲਈ ਗਈ।[69] ਇਹ ਜਗ੍ਹਾ ਜਲੰਧਰੋਂ ਲੁਧਿਆਣਾ ਜਾਣ ਵਾਲੀ ਜੀ.ਟੀ. ਰੋਡ ਉੱਤੇ ਸ਼ਹਿਰ ਦੇ ਬਾਹਰਲੇ ਪਾਸੇ ਸੀ ਜਿਹੜੀ ਹੁਣ ਸ਼ਹਿਰ ਦੇ ਵਿਕਸਤ ਹੋਣ ਅਤੇ ਵੱਡੇ-ਵੱਡੇ ਮਾਲ ਬਣਨ ਨਾਲ ਸ਼ਹਿਰ ਵਿਚਕਾਰ ਆ ਗਈ ਹੈ।

ਉਸ ਸਮੇਂ ਦੇਸ਼ ਭਗਤ ਯਾਦਗਾਰ ਦਾ ਸਰੂਪ ਵਿਚਾਰਦਿਆਂ ਮੁੱਖ ਤੌਰ ਤੇ ਤਹਿ ਕੀਤਾ ਗਿਆ ਕਿ ਇਸ ਜਗ੍ਹਾ ਵਿਚ ਇਕ ਵੱਡਾ ਲੈਕਚਰ ਹਾਲ, ਇਕ ਪਿਕਚਰ ਗੈਲਰੀ, ਜਿਸ ਵਿਚ ਸਾਰੇ ਦੇਸ਼ ਭਗਤਾਂ ਦੀਆਂ ਵੱਡੀਆਂ ਤਸਵੀਰਾਂ ਹੋਣ, ਲਾਇਬ੍ਰੇਰੀ, ਰੀਡਿੰਗ ਰੂਮ ਅਤੇ ਵਰਕਰਾਂ ਤੇ ਦੇਸ਼ ਭਗਤਾਂ ਦੀ ਰਿਹਾਇਸ਼ ਲਈ ਕੁਝ ਕਮਰੇ ਬਣਾਏ ਜਾਣ। ਲਾਇਬ੍ਰੇਰੀ ਵਿਚ ਇਤਿਹਾਸਕ, ਰਾਜਨੀਤਿਕ, ਆਰਥਿਕ, ਵਿਗਿਆਨਕ ਤੇ

ਗਈਆਂ ਅਨੇਕਾਂ ਘਾਲਣਾਂ ਤੇ ਕੁਰਬਾਨੀਆਂ ਨੂੰ ਸੁਰਜੀਤ ਰੱਖਣ, ਆਉਣ ਵਾਲੀਆਂ ਨਸਲਾਂ ਦੇ ਨੌਜਵਾਨਾਂ ਨੂੰ ਦੇਸ਼ ਭਗਤੀ ਤੇ ਦੇਸ਼ ਸੇਵਾ ਦੀ ਨਿੱਤ ਨਵੀਂ ਪ੍ਰੇਰਣਾ ਦੇਣ ਦਾ ਕੰਮ ਕਰੇਗੀ ਜਿਸ ਨਾਲ ਦੇਸ਼ ਤੇ ਕੌਮ ਸਾਹਮਣੇ ਦਰਪੇਸ਼ ਅੱਜ ਦੇ ਅਨੇਕਾਂ ਦੁਸ਼ਵਾਰ ਤੇ ਕਠਿਨ ਕੰਮ ਸਿਰੇ ਚਾੜ੍ਹਨ ਲਈ ਨੌਜਵਾਨਾਂ ਦੀਆਂ ਸਫ਼ਾਂ ਦੀਆਂ ਸਫਾਂ ਜ਼ੁੰਮੇਵਾਰੀ ਦੇ ਭਾਰ ਨੂੰ ਚੁੱਕਣ ਲਈ ਸਾਹਮਣੇ ਆਉਂਦੀਆਂ ਰਹਿਣੀਆਂ। ਇਸ ਸਾਂਝੇ ਕੰਮ ਲਈ ਸਾਰਿਆਂ ਨੂੰ ਇਕ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ। ਬਾਬਾ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੋਇਆ।[71]

ਸੋਹਣ ਸਿੰਘ ਭਕਨਾ

16 ਫਰਵਰੀ 1958 ਨੂੰ ਹੀ ਬਾਬਾ ਗੁਰਮੁੱਖ ਸਿੰਘ ਤੇ ਬਾਬਾ ਕਰਮ ਸਿੰਘ ਚੀਮਾ ਵਿਦੇਸ਼ ਵਿਚ ਉਗਰਾਹੀ ਲਈ ਜਾਣ ਲਈ ਤਿਆਰ ਹੋਏ ਤਾਂ ਮਾਸਟਰ ਹਰੀ ਸਿੰਘ ਧੂਤ ਨੂੰ ਬਾਬਾ ਗੁਰਮੁੱਖ ਸਿੰਘ ਦੀ ਥਾਂ ਕਮੇਟੀ ਦਾ ਐਕਟਿੰਗ ਸਕੱਤਰ ਚੁਣਿਆ ਗਿਆ।

## ਇੰਗਲੈਂਡ ਦੇ ਪੰਜਾਬੀਆਂ ਵਲੋਂ ਪਹਿਲੀ ਸਹਾਇਤਾ

ਇੰਗਲੈਂਡ ਵਿਚੋਂ ਸੰਨ 1958 ਵਿਚ ਹੋਈ ਪਹਿਲੀ ਉਗਰਾਹੀ ਬਾਰੇ ਇੰਗਲੈਂਡ ਵਸਦੇ ਸੋਹਣ ਸਿੰਘ ਚੀਮਾ ਨੇ ਜਾਣਕਾਰੀ ਦਿੰਦਿਆਂ ਕਿਹਾ :-

ਮੈਂ ਮਾਸਕੋ ਤੋਂ ਸਤੰਬਰ, 1957 ਵਿਚ ਇੰਗਲੈਂਡ ਪਰਤਿਆ ਤਾਂ ਮੇਰੇ ਪਿਤਾ ਬਾਬੂ ਕਰਮ ਸਿੰਘ ਚੀਮਾ ਨੂੰ ਉਰਦੂ ਵਿਚ ਲਿਖਿਆ ਖ਼ਤ ਪ੍ਰਾਪਤ ਹੋਇਆ ਜਿਹੜਾ ਸਾਡੇ ਪਿੰਡ ਦੇ ਸਰਪੰਚ ਸ. ਸਾਧੂ ਸਿੰਘ ਚੀਮਾ ਨੇ ਲਿਖਿਆ ਹੋਇਆ ਸੀ ਤੇ ਹਕੀਕਤ ਵਿਚ ਇਸ ਨੂੰ ਬਾਬਾ ਕਰਮ ਸਿੰਘ ਚੀਮਾ ਨੇ ਲਿਖਵਾਇਆ ਸੀ। ਜਿਸ ਵਿਚ ਲਿਖਿਆ ਸੀ, "ਪੰਜਾਬ ਵਿਚ ਉਗਰਾਹੀ ਦਾ ਬਹੁਤਾ ਸਕੋਪ ਨਾ ਹੋਣ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਨੇ ਬਾਬਾ ਗੁਰਮੁਖ ਸਿੰਘ ਲਲਤੋਂ ਤੇ ਬਾਬਾ ਕਰਮ ਸਿੰਘ ਚੀਮਾ ਦੀ ਡਿਊਟੀ ਇੰਗਲੈਂਡ ਵਿੱਚੋਂ ਉਗਰਾਹੀ ਕਰਨ ਦੀ ਲਾਈ ਹੈ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਮੀਟਿੰਗ ਬੁਲਾ ਕੇ ਫੈਸਲਾ ਲਵੇ ਕਿ ਕਦੋਂ ਆਈਏ।

ਰਾਜ ਮੱਲ ਸਿੰਘ ਫਿਜ਼ੀ ਤੋਂ ਇੰਗਲੈਂਡ ਪੁੱਜਾ ਸੀ, ਜੋ ਉਸ ਵੇਲੇ ਐਸੋਸੀਏਸ਼ਨ ਦਾ ਪ੍ਰਧਾਨ ਸੀ। ਸ. ਹਰਦੇਵ ਸਿੰਘ ਦੁਸਾਂਝ ਜਨਰਲ ਸਕੱਤਰ, ਵੈਲਫੇਅਰ ਅਫ਼ਸਰ ਬਾਬੂ ਅਮਰ ਸਿੰਘ ਚੀਮਾ ਸਨ। ਬਾਬੂ ਜੀ ਨੇ ਇਹ ਖ਼ਤ ਪ੍ਰਧਾਨ ਤੇ ਸਕੱਤਰ ਨੂੰ ਸੌਂਪ ਕੇ ਨਾਲ ਹੀ ਐਗਜ਼ੈਕਟਿਵ ਦੀ ਮੀਟਿੰਗ ਬੁਲਾ ਕੇ ਫੈਸਲਾ ਕੀਤਾ ਕਿ ਸਤੰਬਰ ਮਹੀਨੇ ਬਰਫ਼ ਪੈਣੀ ਸ਼ੁਰੂ ਹੋ ਜਾਣੀ ਹੈ, ਅਕਤੂਬਰ ਵਿਚ ਬਰਫ਼ ਦਾ ਜ਼ੋਰ ਪੈ ਜਾਣਾ ਹੈ, ਇਸ ਲਈ ਉਹ ਮਾਰਚ ਵਿਚ ਆਉਣ।

ਉਗਰਾਹੀ ਕਰਨ ਲਈ ਕਾਮਰੇਡ ਸੋਹਨ ਸਿੰਘ ਚੀਮਾ ਨੇ ਬਤੌਰ ਡਰਾਈਵਰ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਉਸਨੇ ਬਾਬਿਆਂ ਨੂੰ ਨਾਲ ਲੈ ਕੇ ਸਥਾਨਕ ਪੰਜਾਬੀਆਂ ਕੋਲ ਉਗਰਾਹੀ ਲਈ ਜਾਣਾ ਸੀ। ਸ਼ਨਿੱਚਰਵਾਰ ਤੇ ਐਤਵਾਰ ਇਸ ਕੰਮ ਲਈ ਦਿਨ ਮੁਕੱਰਰ ਕੀਤੇ ਗਏ। ਕੁਝ ਦਿਨਾਂ ਪਿੱਛੋਂ ਕਾ. ਬੂਝਾ ਸਿੰਘ ਵੀ ਪੁੱਜ ਗਏ ਸਨ।

ਉਸ ਸਮੇਂ ਭਾਰਤੀ ਮਜ਼ਦੂਰਾਂ ਨੂੰ ਇਕ ਹਫ਼ਤੇ (44 ਘੰਟੇ) ਦੇ ਸੱਤ ਜਾਂ ਅੱਠ ਪੌਂਡ ਮਿਲਦੇ ਸਨ। ਪੌਂਡ 13 ਰੁਪਏ ਦਾ ਸੀ। ਸਾਰੇ ਕਵੈਂਟਰੀ ਰਹਿਣ ਵਾਲਿਆਂ ਕੋਲ ਬਾਬਿਆਂ ਨੂੰ ਲਿਜਾਇਆ ਗਿਆ ਸੀ। ਦੋ ਮਹੀਨੇ ਦੇ ਕਰੀਬ ਬਾਬਿਆਂ ਦੇ ਠਹਿਰਨ ਦੌਰਾਨ ਬਰਮਿੰਘਮ, ਲਿਸਟਰ, ਵੂਲਬਰਹੈਂਮਟਨ, ਲਮਿਗਟਨ, ਸਫਾ ਅਤੇ ਅਖੀਰ ਉਹ ਲੰਡਨ ਦੀ ਬਰਾਂਚ ਵਿਚ ਵੀ ਗਏ। ਉਨ੍ਹਾਂ ਦਿਨਾਂ ਵਿਚ ਮਜ਼ਦੂਰ ਆਮ ਕਰਕੇ ਫਾਉਂਡਰੀਆਂ ਵਿਚ ਅਤਿ ਸਖ਼ਤ ਕੰਮ ਕਰਕੇ ਕਮਾਈ ਕਰਦਾ ਸੀ। ਕਵੈਂਟਰੀ ਵਿਚ ਸਤਾਰਾਂ ਸੌ ਸੱਤਰ ਪੌਂਡ ਇਕੱਠੇ ਹੋਏ ਸਨ ਜਦੋਂ ਕਿ ਬਾਕੀ ਇੰਗਲੈਂਡ ਵਿੱਚੋਂ ਸਾਢੇ ਪੰਜ ਕੁ ਹਜ਼ਾਰ ਪੌਂਡ ਦੇ ਕਰੀਬ ਉਗਰਾਹੀ ਇਕੱਠੀ ਹੋਈ ਸੀ। ਇਸ ਤੋਂ ਉਪਰੰਤ ਸਲਾਹ ਕੀਤੀ ਗਈ ਕਿ ਬਾਬਾ ਗੁਰਮੁਖ ਸਿੰਘ ਤੇ ਕਾਮਰੇਡ ਬੂਝਾ ਸਿੰਘ ਨੂੰ ਅਮਰੀਕਾ ਦਾ ਵੀਜ਼ਾ ਨਹੀਂ ਸੀ ਮਿਲਣਾ, ਇਸ ਕਰਕੇ ਬਾਬਾ ਕਰਮ ਸਿੰਘ ਚੀਮਾ ਕਨੇਡਾ ਤੋਂ ਅਮਰੀਕਾ ਜਾ ਕੇ ਉਗਰਾਹੀ ਕਰਨ। ਕਾਮਰੇਡ ਭੋਲਾ ਸਿੰਘ ਚੀਮਾ ਛੇਤੀਂ ਹੀ ਪਿੱਛੋਂ ਇੰਗਲੈਂਡ ਪੁੱਜ ਗਿਆ ਸੀ। ਉਸਦੀ ਲੜਕੀ ਕਨੇਡਾ ਹੋਣ ਕਰਕੇ ਬਾਬਾ ਚੀਮਾ ਨਾਲ ਕਾਮਰੇਡ ਭੋਲਾ ਸਿੰਘ ਨੂੰ ਭੇਜਿਆ ਗਿਆ। ਇਨ੍ਹਾਂ ਦੇ ਜਾਣ ਤੋਂ ਪਹਿਲਾਂ ਇਕ ਜਨਰਲ ਮੀਟਿੰਗ ਬੁਲਾਈ ਗਈ, ਤਾਂ ਕਿ ਕੁੱਲ ਉਗਰਾਹੀ ਦਾ ਹਿਸਾਬ ਸਾਰਿਆਂ ਨੂੰ ਦੱਸ ਦਿੱਤਾ ਜਾਏ, ਦੂਜਾ ਕਿ ਨਾਲ ਹੀ ਬਾਬਿਆਂ ਦਾ ਸਨਮਾਨ ਵੀ ਕੀਤਾ ਜਾ ਸਕੇ। ਇਹ ਮੀਟਿੰਗ **Foleshil Road,** ਕਵੈਂਟਰੀ ਵਿਚ ਕੀਤੀ ਗਈ, ਜਿਸ ਵਿਚ ਸਾਰੇ ਇੰਗਲੈਂਡ ਵਿੱਚੋਂ ਸਾਢੇ ਤਿੰਨ ਕੁ ਸੌ ਪੰਜਾਬੀ ਹੁੰਮ-ਹੁੰਮਾ ਕੇ ਪੁੱਜੇ ਸਨ।

ਉਗਰਾਹੀ ਕਰਦਿਆਂ ਭਰਵੀਆਂ ਮੀਟਿੰਗਾਂ ਵਿਚ ਤੇ ਇਸ ਭਾਰੀ ਇਕੱਠ ਸਮੇਂ ਵੀ 'ਕਿਰਤੀ' ਮੈਗਜ਼ੀਨ ਵਿਚਲੀਆਂ ਇਨਕਲਾਬੀ ਕਵਿਤਾਵਾਂ ਗਾਈਆਂ ਜਾਂਦੀਆਂ ਸਨ। ਇਨ੍ਹਾਂ ਕਵਿਤਾਵਾਂ ਵਿੱਚੋਂ ਜਿਹੜੇ ਕੁਝ ਮਿਸਰੇ ਬਹੁਤ ਮਕਬੂਲ ਹੋਏ ਪੇਸ਼ ਹਨ :

"ਉਠ ! ਜਾਗ ਤੂੰ ਹਿੰਦੀ ਸ਼ੇਰਾ, ਤੈਨੂੰ ਸਾਥੀ ਪਏ ਜਗਾਉਂਦੇ ਨੇ।"
ਪਰ ਤੂੰ ਤਾਂ ਲੰਮੀਆਂ ਤਾਣ ਪਿਆ, ਤੈਨੂੰ ਚੇਤੇ ਭੁਲਦੇ ਜਾਂਦੇ ਨੇ।
ਪਿੰਜਰੇ ਵਿਚ ਸੁਤੰਤਰ ਤਾੜਿਆ, ਤੇਰਾ ਬਾਬਾ ਚੀਮਾ ਫੜ੍ਹਿਆ।
ਗੁਰਮੁਖ ਸਿੰਘ ਵਰਗੇ ਕੌਮੀ ਚੰਦਨ, ਜੇਲ੍ਹਾਂ ਨੂੰ ਮਹਿਕਾਉਂਦੇ ਨੇ।"

ਵਿਦਿਆ ਪ੍ਰਕਾਸ਼ ਲਿਸਟਰ, ਲਛਮਣ ਸਿੰਘ ਸਿੱਧੂ, ਗੁਰਬਖਸ਼ ਸਿੰਘ ਸਿੱਧੂ ਕਵੈਂਟਰੀ, ਉਜਾਗਰ ਸਿੰਘ ਰੰਧਾਵਾ ਬਰਮਿੰਘਮ, ਉਜਾਗਰ ਸਿੰਘ ਨੱਤ ਕਵੈਂਟਰੀ, ਹਰਚਰਨ ਸਿੰਘ ਦੁਲੇਹ ਲਮਿੰਗਟਨ ਸਪਾ, ਤਾਰਾ ਸਿੰਘ ਦਦਿਆਲਾ ਕਵੈਂਟਰੀ, ਬਖਸ਼ੀਸ਼ ਸਿੰਘ ਕਵੈਂਟਰੀ, ਚੈਂਚਲ ਸਿੰਘ ਬਾਬਕ ਲਮਿੰਗਟਨ ਸਪਾ, ਅਮਰ ਸਿੰਘ ਭੰਡਾਲ ਲਮਿੰਗਟਨ, ਖੁਸ਼ੀਆਂ ਰਾਮ ਲਮਿੰਗਟਨ ਅਤੇ ਬਿਸ਼ਨ ਸਿੰਘ ਰਾਮੇਵਾਲ ਜਿਨ੍ਹਾਂ ਨੇ ਇਸ ਉਗਰਾਹੀ ਵਿਚ ਸਰਗਰਮੀ ਨਾਲ ਹਿੱਸਾ ਲਿਆ ਸੀ।

ਉਗਰਾਹੀ ਕਰਦਿਆਂ ਕਦੇ-ਕਦੇ ਬਾਬਾ ਗੁਰਮੁਖ ਸਿੰਘ ਆਪਣੀਆਂ ਕੁਰਬਾਨੀਆਂ ਯਾਦ ਕਰਕੇ ਮੀਟਿੰਗਾਂ ਵਿੱਚ ਨੌਜਵਾਨਾਂ ਉੱਪਰ ਟਿੱਪਣੀ ਕਰਦਿਆਂ ਆਖ ਦਿੰਦੇ, "ਜਿਹੜੇ ਨਵੇਂ ਮੁੰਡੇ ਇੱਥੇ ਆਉਂਦੇ ਹਨ, ਉਨ੍ਹਾਂ ਨੂੰ ਦੇਸ਼ ਭੁੱਲ ਜਾਂਦਾ ਹੈ। ਉਨ੍ਹਾਂ ਨੂੰ ਪ੍ਰਵਾਸ ਦੀਆਂ ਕਠਿਨ ਹਾਲਤਾਂ ਦਾ ਸਾਹਮਣਾ ਕਰਦਿਆਂ ਆਪਣੇ ਦੇਸ਼ ਦੇ ਹਿੱਤਾਂ ਵੱਲ ਧਿਆਨ ਵੀ ਰੱਖਣਾ ਚਾਹੀਦਾ ਹੈ।"[72]

"ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸੁਆਰੀਏ" ਅਨੁਸਾਰ ਇੰਗਲੈਂਡ ਦੀ ਇਸ ਪਹਿਲੀ ਉਗਰਾਹੀ ਦਾ ਤਰੱਦਦ ਬਾਬਿਆਂ ਨੂੰ ਖੁਦ ਕਰਨਾ ਪਿਆ, ਜਦੋਂ ਕਿ ਉਹ ਜ਼ਿੰਦਗੀ ਦੇ ਆਖਰੀ ਪੜਾਅ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਇਗਲੈਂਡ ਵਿਚ ਹੋਈ ਇਸ ਪਹਿਲੀ ਉਗਰਾਹੀ ਨਾਲ ਦੇਸ਼ ਭਗਤ ਯਾਦਗਾਰ ਦੀ ਉਸਾਰੀ ਲਈ ਗ਼ਦਰੀ ਬਾਬੇ ਭਾਰੀ ਉਤਸ਼ਾਹ ਲੈ ਕੇ ਭਾਰਤ ਪਰਤੇ ਸਨ। ਕਾ. ਸੋਹਨ ਸਿੰਘ ਚੀਮਾ ਦੇ ਅਨੁਸਾਰ ਇਥੇ ਵਿਸਥਾਰਤ ਜਾਣਕਾਰੀ ਦੇਣਾ ਇਸ ਲਈ ਜ਼ਰੂਰੀ ਹੈ ਕਿ ਕਿਤਿਓਂ ਵੀ ਇਸ ਉਗਰਾਹੀ ਦਾ ਵੇਰਵਾ ਉਪਲਬੱਧ ਨਹੀਂ। ਜਦੋਂ ਕਿ ਇਸ ਤੋਂ ਬਾਅਦ ਦੀਆਂ ਹੋਈਆਂ ਉਗਰਾਹੀਆਂ ਬਾਰੇ ਪ੍ਰਕਾਸ਼ਤ ਹਵਾਲੇ ਹਨ। ਇਸ ਤਰ੍ਹਾਂ ਦੇਸ਼ ਭਗਤ ਯਾਦਗਾਰ ਹਾਲ ਦੇ ਇਤਿਹਾਸ ਵਿਚ ਚਾਲੀ ਹਜ਼ਾਰ ਦੇ ਕਰੀਬ ਹੋਈ। ਇਸ ਉਗਰਾਹੀ ਦੀ ਵਿਸ਼ੇਸ਼ਤਾ ਇਸ ਕਰਕੇ ਵੱਧ ਹੈ ਕਿ ਇਸ ਨਾਲ ਯਾਦਗਾਰ ਹਾਲ ਦੀ ਬੁਨਿਆਦ ਰੱਖਣ ਦਾ ਮੁੱਢ ਬੱਝ ਗਿਆ ਸੀ।

ਇਹ ਉਹ ਸਮਾਂ ਸੀ ਜਦੋਂ ਇੰਗਲੈਂਡ ਦੀ ਮੈਟਲ ਇੰਡਸਟਰੀਜ਼ ਅਤੇ ਦੂਜੇ ਕਾਰੋਬਾਰਾਂ ਵਿਚ ਹਿੰਦੀ ਮਜ਼ਦੂਰਾਂ ਨੂੰ ਬੜੇ ਸਖ਼ਤ ਕੰਮ ਕਰਨ ਬਦਲੇ ਪੌਂਡ ਮਿਲਦੇ ਸਨ। ਫਾਉਂਡਰੀਆਂ ਦੇ ਕੰਮਾਂ ਦੀ ਤਾਂ ਝਾਲ ਪੰਜਾਬੀ ਮਜ਼ਦੂਰ ਹੀ ਝੱਲ ਸਕਦੇ ਸਨ। ਇਸ ਬਾਰੇ ਬਜ਼ੁਰਗ ਕਾ. ਕਰਮ ਸਿੰਘ ਕਿਰਤੀ, ਚੱਕ ਕਲਾਂ ਨੇ ਕਾ. ਨੌਨਿਹਾਲ ਸਿੰਘ ਨਾਲ ਗੱਲਬਾਤ ਕਰਦਿਆਂ ਆਖ ਵੀ ਦਿੱਤਾ ਸੀ ਕਿ, "ਮੈਂ ਤੇਰੇ ਕੋਲ ਇਕ ਗੱਲ ਸਾਂਝੀ ਕਰਨਾ ਚਾਹੁੰਦਾ ਹਾਂ ਕਿਤੇ ਬੁਰਾ ਨਾ ਮਨਾ ਲਈ। ਇੰਗਲੈਂਡ ਦੀ ਪਹਿਲੀ ਉਗਰਾਹੀ ਹੋਈ ਤਾਂ U.K. ਵਿਚ ਅਸੀਂ ਸਾਰੇ ਫਾਉਂਡਰੀਆਂ ਵਿਚ ਕੰਮ ਕਰਦੇ ਹੁੰਦੇ ਸੀ। ਤੁਸੀਂ ਸੋਚ ਨਹੀਂ ਸਕਦੇ ਕਿ ਉਹ ਕਿੰਨਾ ਮੁਸ਼ਕਲ ਕੰਮ ਹੁੰਦਾ ਸੀ ਅਤੇ ਕਿੰਨਾਂ ਟੈਂਪਰੇਚਰ ਹੁੰਦਾ ਸੀ। ਯਾਦਗਾਰ ਹਾਲ ਦੀ ਉਸਾਰੀ 'ਚ ਖ਼ੂਨ-ਪਸੀਨੇ ਦੀ ਕਮਾਈ ਲੱਗੀ ਹੋਈ ਹੈ। ਅਗੋਂ ਤੋਂ ਕੋਈ ਖ਼ਰਚ ਕਰਨ

ਦੇਸ਼ ਭਗਤਾਂ ਦੀ ਯਾਦ ਵਿਚ ਉਸਾਰੀ ਜਾਣ ਵਾਲੀ ਇਹ ਅਨੂਠੀ ਇਮਾਰਤ ਹੋਵੇਗੀ ਜਿਹੜੇ ਹੇਠ ਲਿਖੀਆਂ ਲਹਿਰਾਂ ਨਾਲ ਸਬੰਧਤ ਸਨ:

1. 1857 ਵਿਚ ਸਾਮਰਾਜੀ ਜੂਲਾ ਲਾਹੁਣ ਲਈ ਅੰਦੋਲਨ ਹੋਇਆ।
2. ਬਾਬਾ ਰਾਮ ਸਿੰਘ ਦੀ ਅਗਵਾਈ ਹੇਠ ਪੰਜਾਬ ਦੇ ਨਾਮਧਾਰੀ (ਕੂਕੇ) ਤੋਪਾਂ ਅਗੇ ਉਡੇ ਸਨ।
3. ਦੱਖਣੀ ਭਾਰਤ ਵਿਚ ਮਹਾਂਮਾਰੀ ਤੇ ਕਾਲ ਦੇ ਸਮੇਂ ਤਰਾਸਵਾਦੀ ਮਰਹੱਟੇ ਨੌਜਵਾਨਾਂ ਨੇ ਗੋਰੀ ਸਰਕਾਰ ਨੂੰ ਕਿਸਾਨਾਂ ਦੇ ਭਲੇ ਦੇ ਕਾਨੂੰਨ ਬਨਾਉਣ ਲਈ ਮਜ਼ਬੂਰ ਕੀਤਾ।
4. ਬੰਗਾਲੀਆਂ ਨੇ ਬੰਗਾਲ ਦੀ ਵੰਡ ਦੇ ਖਿਲਾਫ਼ ਬਾਈਕਾਟ ਤੇ ਬੰਬ-ਪਸਤੌਲ ਦਾ ਜ਼ੋਰ ਦਿਖਾ ਕੇ ਦੋ ਦੋ ਟੋਟੇ ਹੋਏ ਦੇਸ਼ ਨੂੰ ਮੁੜ ਜੁੜਵਾ ਦਿੱਤਾ।
5. ਸ੍ਰੀ ਮਦਨ ਲਾਲ ਢੀਂਗਰਾ, ਭਾਈ ਰਾਮ ਸਿੰਘ ਧਲੇਤਾ, ਮੇਵਾ ਸਿੰਘ ਲੋਪੋ ਕੇ, ਮਾਸਟਰ ਊਧਮ ਸਿੰਘ ਕਸੇਲ ਤੇ ਸ਼ਹੀਦ ਊਧਮ ਸਿੰਘ ਸੁਨਾਮ ਵਰਗੇ ਅਨੇਕਾਂ ਦੇਸ਼ਭਗਤਾਂ ਨੇ ਪ੍ਰਦੇਸ਼ ਵਿਚ ਆਪਣੇ ਦੇਸ਼ ਦੇ ਭਲੇ ਲਈ ਅਗਵਾਈ ਕਰਦਿਆਂ ਜਾਨਾਂ ਕੁਰਬਾਨ ਕਰ ਦਿੱਤੀਆਂ।
6. ਦੂੱਲੇ ਦੀ ਬਾਰ ਤੇ ਹੋਰ ਨਹਿਰੀ ਬਸਤੀਆਂ ਵਿਚ ਜ਼ੋਰ ਜ਼ੁਲਮ ਦੇ ਖ਼ਿਲਾਫ ਰਾਜ ਹਿਲਾਊ ਲਹਿਰ ਚਲਾਕੇ ਜੱਟਾਂ ਨੂੰ ਪੱਗੜੀ ਸੰਭਾਲਣ ਲਈ ਵੰਗਾਰਿਆ।
7. ਕੈਨੇਡਾ ਆਦਿ ਟਾਪੂਆਂ ਵਿਚੋਂ ਪੰਜਾਬੀਆਂ ਨੂੰ ਕੱਢਣ ਦੇ ਖਿਲਾਫ ਦੇਸ਼ ਭਗਤਾਂ ਨੇ ਸਿਰ ਤੇ ਕਫਨ ਬੱਧੇ।
8. ਕਾਮਾਗਾਟਾ ਮਾਰੂ ਘਟਨਾ ਸਮੇਂ ਵੈਨਕੋਵਰ ਵਿਚ ਤਨ-ਮਨ-ਧਨ ਦੀ ਕੁਰਬਾਨੀ ਦਿਤੀ।
9. ਗ਼ਦਰ ਪਾਰਟੀ ਨੇ ਫੌਜਾਂ ਨਾਲ ਮਿਲਕੇ ਅੰਗਰੇਜ਼ੀ ਰਾਜ ਦਾ ਤਖਤਾ ਉਲਟਾਉਣ ਲਈ ਵਹੀਰਾਂ ਘਤੀਆਂ।
10. ਕਾਲੇ ਕਾਨੂੰਨਾਂ ਦੇ ਖਿਲਾਫ ਪੰਜਾਬ ਦੀ ਜਨਤਾ ਨੇ ਆਪਣੀ ਬਾਂਹ ਚੁੱਕੀ ਜਿਸ ਕਾਰਨ ਪਾਗਲ ਹੋਏ ਸਾਮਰਾਜ ਨੇ ਰੌਲਟ ਐਕਟ ਤਹਿਤ ਅਤੇ ਜਲ੍ਹਿਆਂ ਵਾਲਾ ਬਾਗ਼ ਵਿਚ ਅਣਸੁਣੇ ਤੇ ਅਣਮਿੱਥੇ ਉਪੱਦਰ ਕੀਤੇ।
11. ਹਿੰਦੁਸਤਾਨ ਦੀ ਸੋਸ਼ਲਿਸਟ ਰੀਪਬਲਿਕਨ ਪਾਰਟੀ, ਨੌਜਵਾਨ ਭਾਰਤ ਸਭਾ ਤੇ ਹੋਰ ਅਗਾਂਹ ਵਧੂ ਪਾਰਟੀਆਂ ਨੇ ਰਾਜ ਗ਼ਰਦੀ ਦੇ ਖਿਲਾਫ ਅੰਦੋਲਨ ਕੀਤੇ।
12. ਸੁਭਾਸ਼ ਚੰਦਰ ਬੋਸ ਨੇ ਦੇਸੋਂ ਬਾਹਰ ਜਾ ਕੇ ਦੇਸ਼ ਦੀ ਆਜ਼ਾਦੀ ਦੀ ਲਹਿਰ ਲਈ ਆਜ਼ਾਦ ਹਿੰਦ ਫੌਜ ਬਣਾਈ। ਇਨ੍ਹਾਂ ਲਹਿਰਾਂ ਵਿਚ ਅਣਗਿਣਤ ਦੇਸ਼ ਭਗਤ ਯੋਧਿਆਂ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਸੰਘਰਸ਼ ਕਰਦਿਆਂ ਆਪਣੀਆਂ ਜ਼ਿੰਦਗੀਆਂ ਨਿਛਾਵਰ ਕੀਤੀਆਂ।

ਦੇਸ਼ ਦੀ ਵੰਡ ਤੋਂ ਪਿੱਛੋਂ ਉਨ੍ਹਾਂ ਦੀ ਯਾਦ ਵਿਚ ਉਸਾਰੀ ਜਾਣ ਵਾਲੀ ਦੇਸ਼ ਭਗਤ ਯਾਦਗਾਰ ਲਈ ਬਾਬਾ ਗੁਰਮੁਖ ਸਿੰਘ ਤੇ ਬਾਬਾ ਅਮਰ ਸਿੰਘ ਸੰਧਵਾਂ ਨੇ

ਜੱਥੇਬੰਦੀਆਂ ਜਾਂ ਤਾਂ ਬਣੀਆਂ ਹੀ ਨਹੀਂ ਸਨ, ਜਾਂ ਆਜ਼ਾਦੀ ਦੇ ਘੋਲ ਦਾ ਨਾਂ ਤੱਕ ਲੈਣ ਦਾ ਹੌਂਸਲਾ ਨਹੀਂ ਸੀ ਰੱਖਦੀਆਂ। ਉਹਨਾਂ ਦੇਸ਼-ਭਗਤਾਂ ਦੇ ਸਦਕੇ ਹੀ ਅੱਜ ਕੈਨੇਡਾ, ਅਮ੍ਰੀਕਾ, ਇੰਗਲੈਂਡ ਤੇ ਹੋਰ ਟਾਪੂਆਂ ਵਿਚ ਕਾਰੋਬਾਰ ਕਰਨ ਦੀ ਖੁੱਲ੍ਹ ਹੈ, ਜਦਕਿ ਦੱਖਣੀ ਅਫਰੀਕਾ ਵਰਗੀਆਂ ਬਸਤੀਆਂ ਵਿਚ ਹਿੰਦੀਆਂ ਨਾਲ ਅਛੂਤਾਂ ਤੋਂ ਵੀ ਬੁਰਾ ਸਲੂਕ ਕੀਤਾ ਜਾ ਰਿਹਾ ਸੀ।

2. ਕਰਾਂਤੀਕਾਰੀ ਲਹਿਰਾਂ ਦਾ ਅਸਲੀ ਰੂਪ ਲੋਕਾਂ ਅਗੇ ਲਿਆਉਣਾ ਤਾਂ ਜੁ ਮੌਕਾ ਪ੍ਰਸਤ ਤੇ ਪਿਛਾਂਹ ਖਿੱਚੂ ਤਾਕਤਾਂ ਅਸਲੀ ਦੇਸ਼ ਭਗਤਾਂ ਨੂੰ ਨੁੱਕਰੇ ਹੀ ਨਾ ਲਾਈ ਰੱਖਣ ਅਤੇ ਉਹ ਸਿਸਕਦੇ-ਸਿਸਕਦੇ ਖੂੰਜੀਂ ਲੱਗ ਕੇ ਆਪਣੇ ਦਿਨ ਨਾ ਕੱਟਣ।
3. ਦੇਸ਼ ਭਗਤਾਂ ਦੇ ਕਾਰਨਾਮਿਆਂ ਨੂੰ ਅੱਜ ਲੋਕਾਂ ਅੱਗੇ ਇਸ ਢੰਗ ਨਾਲ ਰੱਖਣਾ ਹੈ ਕਿ ਉਹ ਨਾ ਕੇਵਲ ਬੀਤੇ ਸਮੇਂ ਦੀ ਯਾਦ ਨੂੰ ਤਾਜ਼ਾ ਰੱਖਣ ਸਗੋਂ, ਸੁਚੱਜੇ ਢੰਗ ਨਾਲ ਆਪਣੇ ਦੇਸ਼ ਦਾ ਭਵਿੱਖ ਵੀ ਉਜਲਾ ਕਰਨ।
4. ਨੌਜਵਾਨਾਂ ਵਿਚ ਸਹੀ ਲੀਹਾਂ ਤੇ ਚਲਣ ਦਾ ਉਤਸ਼ਾਹ ਪੈਦਾ ਕਰਨਾ ।ਜਸ ਨਾਲ ਉਹ ਵਿਦਿਅਕ, ਸਮਾਜਿਕ, ਵਿਗਿਆਨਕ 'ਤੇ ਆਰਥਿਕ ਪੱਧਰ ਤੇ ਅਗਾਂਹ ਵਧੂ ਲਹਿਰਾਂ ਵਿਚ ਆ ਜਾਣ।
5. ਸਾਂਝੇ ਭਲੇ ਲਈ ਨਵੇਂ ਸਮਾਜ ਦੀ ਉਸਾਰੀ ਕਰਨੀ।
6. ਇਤਿਹਾਸਕ,ਵਿਦਿਅਕ ਤੇ ਸਭਿਆਚਾਰਕ ਖੋਜ ਨੂੰ ਅਗਾਂਹ ਵਧਾਉਣਾ।
7. ਲਿਖਤਾਂ, ਲੈਕਚਰਾਂ, ਗੋਸ਼ਟੀਆਂ, ਕਾਨਫਰੰਸਾਂ ਆਦਿ ਰਾਹੀਂ ਆਪਣੇ ਉਦੇਸ਼ ਦਾ ਪਰਚਾਰ ਕਰਨਾ।

ਆਪਣੇ ਲਹੂ-ਭਿੱਜੇ ਗੌਰਵਸ਼ਾਲੀ ਇਤਿਹਾਸ ਨੂੰ ਪ੍ਰਚਾਰਨ-ਪ੍ਰਸਾਰਨ ਲਈ ਕਮੇਟੀ ਵੱਲੋਂ ਬਣਾਈ ਗਈ ਯੋਜਨਾ ਤਹਿਤ ਦੇਸ਼ਭਗਤ ਯਾਦਗਾਰ ਦੇ ਮੁੱਖ ਭਾਗ ਇਸ ਤਰ੍ਹਾਂ ਸੁਝਾਏ ਗਏ:[74]

## 1. ਅੰਤਰ-ਰਾਸ਼ਟਰੀ ਕੇਂਦਰ

ਇਹ ਯਾਦਗਾਰ ਯੁਗ ਪਲਟਾਉ ਇਨਕਲਾਬੀਆਂ ਦੀ ਯਾਦ ਤਾਜ਼ਾ ਰੱਖਣ ਲਈ ਜੀਉਂਦੀ ਜਾਗਦੀ ਸੰਸਥਾ ਹੋਵੇਗੀ, ਜਿਸ ਤੋਂ ਨੌਜਵਾਨ, ਕੌਮੀ ਸ਼ਹੀਦਾਂ ਦੀਆਂ ਅਦੁਤੀ ਕੁਰਬਾਨੀਆਂ ਨੂੰ ਯਾਦ ਕਰਕੇ ਉਤਸ਼ਾਹ ਲੈਣਗੇ ਤੇ ਨਵੇਂ ਸਮਾਜ ਦੀ ਉਸਾਰੀ ਕਰਨਗੇ। ਯੁਗੰਤਰ ਆਸ਼ਰਮ ਸਾਨ ਫਰਾਂਸਿਸਕੋ ਦੀ ਥਾਂ ਇਸ ਦੇ ਹੈਡਕੁਆਟਰ ਜਲੰਧਰ ਵਿਚ ਹੋਣਗੇ ਪਰ ਇਸ ਦਾ ਸੰਦੇਸਾਂ ਦੇਸ਼ ਦੇ ਕੋਨੇ-ਕੋਨੇ ਵਿਚ ਪਹੁੰਚੇਗਾ। ਇਸ ਦਾ ਮੰਤਵ ਦੇਸ਼ ਭਰ ਦੇ ਇਨਕਲਾਬੀਆਂ ਨਾਲ ਜਿਨ੍ਹਾਂ ਅੰਗਰੇਜ਼ਾਂ ਵਿਰੁੱਧ ਸੰਗਰਾਮ ਵਿਚ ਹਿੱਸਾ ਲਿਆ ਤੇ ਜੇਲ੍ਹਾਂ ਵਿਚ ਦੁਖੜੇ ਝੱਲੇ, ਸੰਪਰਕ ਕਾਇਮ ਰੱਖਿਆ ਜਾਵੇ। ਇਸ ਮਿਸ਼ਨ ਦੀ ਪੂਰਤੀ ਕੀਤੀ ਜਾਵੇ।

ਲਿਆਉਣ ਲਈ ਆਰਟ ਗੈਲਰੀ ਜ਼ਰੂਰੀ ਹੈ। ਹਾਲ ਦੀ ਉਸਾਰੀ ਪੂਰੀ ਹੋਣ ਪਿਛੋਂ ਗੈਲਰੀ ਦਾ ਕੰਮ ਹੱਥ ਵਿਚ ਲਿਆ ਜਾਵੇਗਾ।[75] ਇਨਕਲਾਬੀ ਦੇਸ਼ ਭਗਤਾਂ ਦੀਆਂ ਯਾਦਗਾਰਾਂ ਤੇ ਉਨ੍ਹਾਂ ਦਾ ਇਤਿਹਾਸ ਆਉਣ ਵਾਲੀਆਂ ਨਸਲਾਂ ਲਈ ਮਾਰਗ ਦਰਸ਼ਨ ਹੁੰਦਾ ਹੈ ਜਿਸ ਤੋਂ ਦੁਖਿਆਰੀ ਤੇ ਪੀੜਤ ਸਰੇਣੀ ਆਪਣੀ ਮੁਕਤੀ ਤੇ ਆਪਣੇ ਹੱਕਾਂ ਹਿੱਤਾਂ ਲਈ ਤੱਤਪਰ ਹੋਣ ਲਈ ਸ਼ਕਤੀ ਦਾ ਸੋਮਾ ਬਣ ਜਾਂਦੀ ਹੈ। ਇਨ੍ਹਾਂ ਗੱਲਾਂ ਦੀ ਪੂਰਤੀ ਲਈ ਦੇਸ਼ ਭਗਤ ਯਾਦਗਾਰ (ਜਲੰਧਰ) ਇਕ ਧਰੋਹਰ ਵਜੋਂ ਕਾਇਮ ਕਰਨਾ ਜਿਹੜਾ ਦੇਸ਼ ਅਤੇ ਵਿਦੇਸ਼ਾਂ ਵਿਚ ਵੱਸਦੇ ਭਾਰਤੀਆਂ ਅੰਦਰ ਇਨਕਲਾਬੀ ਰੂਹ ਭਰਨ ਅਤੇ ਮੁਕਤੀ ਮਾਰਗ ਉੱਪਰ, ਅੱਗੇ ਵਧਣ ਦਾ ਸੋਮਾ ਬਣੇ। ਇਸ ਗੈਲਰੀ ਵਿਚ ਇਨਕਲਾਬੀ ਘਟਨਾਵਾਂ ਤੇ ਗ਼ਦਰੀ ਘਟਨਾਵਾਂ ਦੇ ਦ੍ਰਿਸ਼ ਗ਼ਦਰੀਆਂ ਦੀਆਂ ਤਸਵੀਰਾਂ ਤੇ ਇਹਨਾਂ ਦੇ ਕਾਰਨਾਮੇ ਨਵੇਂ ਤੇ ਸੋਹਣੇ ਢੰਗ ਨਾਲ ਆਮ ਜਨਤਾ ਅੱਗੇ ਲਿਆਉਣੇ।

## ਯਾਦਗਾਰ ਹਾਲ ਦੇ ਨੀਂਹ ਪੱਥਰ ਦਾ ਸਮਾਗਮ

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਮੁਕੰਮਲ ਤਿਆਰੀਆਂ ਉਪਰੰਤ ਨਿਯਤ ਸਮੇਂ 'ਤੇ ਦੇਸ਼ ਭਗਤ ਯਾਦਗਾਰ ਹਾਲ ਦਾ ਨੀਂਹ-ਪੱਥਰ ਰੱਖਣ ਲਈ ਇਕ ਵਿਸ਼ਾਲ ਇਕੱਠ ਬਾਬਾ ਸੋਹਣ ਸਿੰਘ ਭਕਨਾ ਦੀ ਪ੍ਰਧਾਨਗੀ ਹੇਠ ਹੋਇਆ। ਇਸ ਇਕੱਠ ਦੀ ਮਹਾਨਤਾ ਇਸ ਕਰਕੇ ਵੀ ਸੀ ਕਿ ਇਸ ਵਿਚ ਪੰਜਾਬ ਦੇ ਹੀ ਨਹੀਂ ਬਲਕਿ ਆਂਧਰਾ, ਉੱਤਰ ਪ੍ਰਦੇਸ਼, ਬੰਗਾਲ ਤੇ ਹੋਰ ਸੂਬਿਆਂ ਦੇ ਵੀ ਪੁਰਾਣੇ ਇਨਕਲਾਬੀ ਸ਼ਾਮਲ ਹੋਏ ਸਨ।

ਨੀਂਹ ਪੱਥਰ ਰੱਖਣ ਦੇ ਸਮਾਗਮ ਦੀ ਸ਼ੁਰੂਆਤ ਤੋਂ ਪਹਿਲਾਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਬਾਬਾ ਗੁਰਮੁਖ ਸਿੰਘ ਨੇ ਅਦਾ ਕੀਤੀ। ਇਹ ਤਿੰਨ ਰੰਗਾਂ ਝੰਡਾ ਉਹ ਸੀ ਜੋ ਗ਼ਦਰ ਪਾਰਟੀ ਨੇ 1914-15 ਵਿਚ ਝੁਲਾਇਆ ਸੀ।[76]

ਭਾਵੇਂ ਉਸ ਸਮੇਂ ਬਾਬਾ ਸੋਹਣ ਸਿੰਘ ਭਕਨਾ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਬਾਬਾ ਭਾਗ ਸਿੰਘ ਕਨੇਡੀਅਨ, ਬਾਬਾ ਕਰਮ ਸਿੰਘ ਚੀਮਾ, ਬਾਬਾ ਗੁਜਰ ਸਿੰਘ ਭਕਨਾ ਆਦਿ ਮਹਾਨ ਕਰਾਂਤੀਕਾਰੀ ਵਿਦਮਾਨ ਸਨ, ਪ੍ਰੰਤੂ ਇਨ੍ਹਾਂ ਸਾਰਿਆਂ ਨੇ ਬਾਬਾ ਅਮਰ ਸਿੰਘ ਸੰਧਵਾਂ ਦੇ ਇਨਕਲਾਬੀ ਇਤਿਹਾਸ ਨੂੰ ਨਿਰੰਤਰ ਖੁਲਦਿਲੀ ਮਾਇਕ ਸਹਾਇਤਾ ਭਰੀ ਵਿਲੱਖਣ ਦੇਣ ਨੂੰ ਮੁੱਖ ਰਖ ਕੇ ਦੇਸ਼ ਭਗਤ ਯਾਦਗਾਰ ਦਾ ਨੀਂਹ-ਪੱਥਰ ਰੱਖਣ ਦੀ ਜ਼ੁੰਮੇਵਾਰੀ ਨਾਲ ਨਿਵਾਜਿਆ ਸੀ।

ਝੰਡਾ ਲਹਿਰਾਉਣ ਦੀ ਰਸਮ ਤੋਂ ਪਿੱਛੋਂ ਵਿਸ਼ਾਲ ਸਮਾਗਮ ਦੀ ਅਗਲੀ ਕਾਰਵਾਈ ਬਾਬਾ ਸੋਹਨ ਸਿੰਘ ਭਕਨਾ ਦੇ ਪ੍ਰਧਾਨਗੀ ਭਾਸ਼ਨ ਪੜਨ ਨਾਲ ਹੋਈ :

**ਅੱਜ ਅਸੀਂ ਭਾਰਤੀ ਬਿਨਾ ਕਿਸੇ ਧਾਰਮਿਕ ਅਤੇ ਜਾਤੀ ਭੇਦ-ਭਾਵ ਦੇ ਇਕ ਦੇਸ਼ ਅਤੇ ਇਕ ਰਾਸ਼ਟਰ ਦੇ ਹੋਣ ਦੇ ਨਾਤੇ ਇਕ ਮਹਾਨ ਕੰਮ ਲਈ ਇਕੱਤਰ ਹੋਏ ਹਾਂ, ਜੋ ਕਿ ਭਾਰਤ ਦੀ ਰਾਸ਼ਟਰੀ ਕ੍ਰਾਂਤੀ ਦੇ ਨਾਲ ਡੂੰਘਾ ਸਬੰਧ ਰੱਖਦਾ ਹੈ। ਇਹ ਕ੍ਰਾਂਤੀ ਅਲੱਗ-ਅਲੱਗ ਤਰੀਕਿਆਂ ਨਾਲ ਵਿਦੇਸ਼ੀ ਹਕੂਮਤ**

ਸੁਤੰਤਰਤਾ ਲਈ ਦੇਸ਼ ਦੇ ਬਾਹਰ ਕੰਮ ਕਰਨਾ ਸ਼ੁਰੂ ਕੀਤਾ। ਵੀਰ ਸਾਵਰਕਰ, ਮੈਡਮ ਕਾਮਾ ਅਤੇ ਸ੍ਰੀ ਕ੍ਰਿਸ਼ਨ ਵਰਮਾ ਆਦਿ ਦੇਸ਼ ਭਗਤਾਂ ਨੇ ਕ੍ਰਾਂਤੀਕਾਰੀ ਸਭਾ ਬਣਾਈ, ਜਿਸ ਦੇ ਇਕ ਮੈਂਬਰ ਅੰਮ੍ਰਿਤਸਰ ਵਾਸੀ ਸ੍ਰੀ ਮਦਨ ਲਾਲ ਢੀਂਗਰਾ ਨੇ ਇਸ ਅੰਦੋਲਨ ਦੇ ਪਿੱਛੇ ਲੱਗੇ ਪੁਲਿਸ ਅਧਿਕਾਰੀ ਸਰ ਕਰਜ਼ਨ ਵਾਈਲੀ ਨੂੰ ਕੈਕਸਟਨ ਹਾਲ ਵਿਚ ਗੋਲੀ ਨਾਲ ਮਾਰ ਦਿੱਤੀ ਸੀ ਅਤੇ ਬਰਤਾਨਵੀ ਸਾਮਰਾਜ ਨੇ ਉਸ ਵੀਰ ਨੂੰ ਫਾਂਸੀ 'ਤੇ ਲਟਕਾ ਕੇ ਸ਼ਹੀਦ ਕਰ ਦਿੱਤਾ।

ਇਨ੍ਹਾਂ ਵਰ੍ਹਿਆਂ ਦੌਰਾਨ ਚੀਨ, ਕੈਨੇਡਾ ਅਤੇ ਅਮਰੀਕਾ ਵਿਚ ਕਮਾਉਣ ਲਈ ਗਏ ਪੰਜਾਬੀ ਵੀਰਾਂ ਵਿਚ ਵੀ ਰਾਸ਼ਟਰੀ ਜਾਗ੍ਰਿਤੀ ਆਈ। ਇਨ੍ਹਾਂ ਲੋਕਾਂ ਵਿਚ, ਉਨ੍ਹਾਂ ਦੇਸ਼ਾਂ ਵਿਚ ਕੰਮ ਕਰਨ ਦੌਰਾਨ ਆਪਣੀ ਗੁਲਾਮੀ ਅਤੇ ਰਾਸ਼ਟਰੀ ਹੀਨਤਾ ਦਾ ਅਹਿਸਾਸ ਅਤੇ ਸੁਤੰਤਰਤਾ ਦੀ ਭਾਵਨਾ ਪੈਦਾ ਹੋਈ। ਚੀਨ ਵਿਚ ਪੈਦਾ ਹੋਈ 1910-11 ਦੀ ਰਾਸ਼ਟਰੀ ਕ੍ਰਾਂਤੀ ਦਾ ਵੀ ਅਸਰ ਇਨ੍ਹਾਂ 'ਤੇ ਪਿਆ। ਆਇਰਲੈਂਡ, ਪੋਲੈਂਡ ਅਤੇ ਰੂਸ ਦੇ ਕ੍ਰਾਂਤੀਕਾਰੀ ਦੇਸ਼-ਭਗਤਾਂ ਦੀ ਸੰਗਤ ਨੇ ਇਨ੍ਹਾਂ ਵਿਚ ਰਾਸ਼ਟਰੀ ਦੁਸ਼ਮਣਾਂ ਵਿਰੁੱਧ ਸੰਗਠਤ ਹੋਣ ਦੀ ਭਾਵਨਾ ਪੈਦਾ ਕੀਤੀ। ਅਮਰੀਕਨ ਅਤੇ ਕੈਨੇਡੀਅਨ ਜੀਵਨ ਨੇ ਗੋਰੀਆਂ ਜਾਤਾਂ ਪ੍ਰਤੀ ਇਨ੍ਹਾਂ ਦੇ ਦਿਲਾਂ ਵਿਚ ਸ੍ਰੇਸ਼ਟਤਾ ਦਾ ਭੁਲੇਖਾ ਕੱਢ ਦਿੱਤਾ ਅਤੇ ਬਰਾਬਰਤਾ ਦਾ ਅਹਿਸਾਸ ਪੈਦਾ ਕੀਤਾ। ਕੈਨੇਡਾ ਦੇ ਜੀਵਨ ਨੇ ਇਨ੍ਹਾਂ ਵਿਚ ਵੜੇ ਅਗਰੇਜ਼ੀ ਹਕੂਮਤ ਬਾਰੇ ਅਨੇਕਾਂ ਭੁਲੇਖੇ ਦੂਰ ਕਰ ਦਿੱਤੇ। ਅਮਰੀਕਾ ਦੇ ਲੋਕਤੰਤਰ ਅਤੇ ਅਮਰੀਕੀ ਲੋਕਾਂ ਦੇ ਉਨ੍ਹਾਂ ਦੇ ਨਾਲ ਸਹਿਯੋਗ ਨੇ ਇਨ੍ਹਾਂ ਨੂੰ ਆਪਣੇ ਰਾਸ਼ਟਰੀ ਟੀਚੇ ਨਿਰਧਾਰਤ ਕਰਨ ਦਾ ਰਸਤਾ ਦੱਸਿਆ। ਇਹ ਲੋਕ ਇਥੇ ਦੇ ਤਿੰਨ ਚਾਰ ਵਰ੍ਹੇ ਦੇ ਜੀਵਨ ਦੌਰਾਨ ਪੂਰਨ ਸਵਰਾਜ, ਬਰਾਬਰੀ ਅਤੇ ਲੋਕਤੰਤਰ ਦਾ ਆਪਣਾ ਟੀਚਾ ਨਿਰਧਾਰਤ ਕਰ ਕੇ ਮਾਰਚ 1913 ਤੋਂ ਗ਼ਦਰ ਪਾਰਟੀ ਦੇ ਰੂਪ ਵਿਚ ਸੰਗਠਤ਼ ਹੋਣ ਲੱਗੇ, ਜੋ ਇਕ ਹੀ ਸਾਲ 'ਚ ਇਕ ਸ਼ਕਤੀਸ਼ਾਲੀ ਕ੍ਰਾਂਤੀਕਾਰੀ ਦਲ ਦੇ ਰੂਪ ਵਿਚ ਸੰਗਠਤ ਹੋ ਗਿਆ।

ਗ਼ਦਰ ਪਾਰਟੀ ਸਿਰਫ਼ ਅਮਰੀਕੀ ਮਹਾਂਦੀਪ ਤੱਕ ਹੀ ਸੀਮਿਤ ਨਹੀਂ ਰਹੀ, ਉਹ ਆਪਣੇ ਪੱਤਰ 'ਗ਼ਦਰ' ਦੇ ਜ਼ੋਰਦਾਰ ਪ੍ਰਚਾਰ ਨਾਲ ਹੋਰ ਟਾਪੂਆਂ 'ਚ ਵੀ ਇਕਦਮ ਅੱਗ ਦੇ ਵਾਂਗ ਫੈਲ ਗਈ। ਜਪਾਨ, ਚੀਨ, ਹਾਂਗਕਾਂਗ, ਸਿੰਘਾਪੁਰ, ਫਿਲਪਾਈਨ, ਮਲਾਇਆ, ਬਰਮਾ, ਪਨਾਮਾ ਆਦਿ ਵਿਚ ਜਿੱਥੇ ਵੀ ਭਾਰਤੀ ਸਨ, ਉਥੇ ਇਹ ਪਾਰਟੀ ਸਥਾਪਤ ਹੋ ਗਈ। ਇਸ ਪਾਰਟੀ ਦੇ ਪਹਿਲੇ ਪ੍ਰਧਾਨ ਭਾਈ ਸੋਹਨ ਸਿੰਘ ਭਕਨਾ ਅਤੇ ਸਕੱਤਰ, ਲਾਲਾ ਹਰਦਿਆਲ ਐਮ. ਏ. ਸਨ। ਲਾਲਾ ਜੀ ਨੂੰ ਅੰਗ੍ਰੇਜ਼ੀ ਹਕੂਮਤ ਦੇ ਜ਼ੋਰ ਦੇਣ 'ਤੇ ਇਕ ਵਰ੍ਹੇ ਦੇ ਅੰਦਰ-ਅੰਦਰ ਹੀ ਅਮਰੀਕੀ ਸਰਕਾਰ ਨੇ ਦੇਸ਼ ਨਿਕਾਲਾ ਦੇ ਦਿੱਤਾ। ਇਸ ਦੇ ਬਾਅਦ

ਅਤੇ ਵਿਅਕਤੀਆਂ ਦੇ ਨਾਲ ਸੰਪਰਕ ਪੈਦਾ ਕੀਤਾ ਅਤੇ ਇਨ੍ਹਾਂ ਵਿਚੋਂ ਇਕ, ਲਾਰਡ ਹਾਰਡਿੰਗ 'ਤੇ ਬੰਬ ਸੁੱਟਣ ਵਾਲੇ ਸ੍ਰੀ ਰਾਸਬਿਹਾਰੀ ਬੋਸ ਵੀ ਸਨ।

ਗ਼ਦਰ ਪਾਰਟੀ ਦੇ ਪ੍ਰੋਗਰਾਮ ਵਿਚ ਸਭ ਤੋਂ ਜ਼ਿਆਦਾ ਮਹੱਤਵਪੂਰਣ ਗੱਲ ਇਹ ਸੀ ਕਿ ਅੰਗਰੇਜ਼ਾਂ ਨੂੰ ਸੱਟ ਮਾਰਨ ਲਈ ਦੇਸੀ ਸੈਨਾਵਾਂ ਨੂੰ ਆਪਣੇ ਹੱਥ ਵਿਚ ਲਿਆ ਜਾਵੇ। ਉਹ ਬਹੁਤ ਸਾਰੀਆਂ ਸੈਨਾਵਾਂ ਨੂੰ ਆਪਣੇ ਆਪ ਵਿਚ ਮਿਲਾਉਣ 'ਚ ਸਫ਼ਲ ਹੋ ਗਈ। ਗ਼ਦਰ ਪਾਰਟੀ, ਸੈਨਾਵਾਂ ਨੂੰ ਅੰਗਰੇਜ਼ੀ ਹਕੂਮਤ ਦੀ ਰੀੜ੍ਹ ਦੀ ਹੱਡੀ ਸਮਝਦੀ ਸੀ, ਇਸ ਲਈ ਉਸ 'ਤੇ ਘਾਤਕ ਸੱਟ ਮਾਰਨ ਲਈ ਸੈਨਾਵਾਂ ਵਿਚ ਕੰਮ ਨੂੰ ਉਸ ਨੇ ਆਪਣੀ ਮੁੱਖ ਨੀਤੀ ਬਣਾਇਆ। ਇਹ ਸਭ ਤਿਆਰੀਆਂ ਕਰਕੇ ਪਾਰਟੀ ਨੇ 21 ਫਰਵਰੀ 1915 ਨੂੰ ਕ੍ਰਾਂਤੀ ਦਾ ਦਿਨ ਤੈਅ ਕੀਤਾ, ਪਰ ਇਕ ਜਾਸੂਸ ਦੀ ਮੁਖਬਰੀ 'ਤੇ ਅੰਗਰੇਜ਼ੀ ਸਰਕਾਰ ਨੇ 21 ਫਰਵਰੀ ਤੋਂ ਪਹਿਲਾਂ ਹੀ ਹਮਲਾ ਕਰ ਦਿੱਤਾ ਅਤੇ ਜਗ੍ਹਾ-ਜਗ੍ਹਾ ਤੋਂ ਗ਼ਦਰੀ ਨੇਤਾ ਗ੍ਰਿਫ਼ਤਾਰ ਕਰ ਲਏ ਗਏ। ਕ੍ਰਾਂਤੀ ਅਸਫ਼ਲ ਹੋ ਗਈ। ਇਸ ਕ੍ਰਾਂਤੀਕਾਰੀ ਸੰਘਰਸ਼ ਵਿਚ ਪਾਰਟੀ ਨੂੰ ਬਹੁਤ ਕੁਰਬਾਨੀਆਂ ਦੇਣੀਆਂ ਪਈਆਂ। ਸ਼ਾਇਦ ਹੀ ਕਿਸੇ ਹੋਰ ਪਾਰਟੀ ਨੇ ਭਾਰਤੀ ਇਤਿਹਾਸ ਵਿਚ ਇੰਨੀਆਂ ਵੱਡੀਆਂ ਅਤੇ ਕੀਮਤੀ ਕੁਰਬਾਨੀਆਂ ਦਿੱਤੀਆਂ ਹੋਣ।

ਅੰਗਰੇਜ਼ੀ ਸ਼ਾਸਨ ਨੇ ਇਨ੍ਹਾਂ ਤੋਂ ਅਲੱਗ ਅਦਾਲਤ ਵਿਚ ਪੇਸ਼ ਹੋਣ ਅਤੇ ਹੋਰ ਅਦਾਲਤਾਂ ਵਿਚ ਅਪੀਲਾਂ ਦੇ ਹੱਕ ਖੋਹ ਲਏ। ਵਿਸ਼ੇਸ਼ ਅਦਾਲਤਾਂ ਦਾ ਪ੍ਰਬੰਧ ਕਰਕੇ ਮੁਕੱਦਮੇ ਸਿੱਧੇ ਉਨ੍ਹਾਂ ਵਿਚ ਚਲਾਏ ਗਏ। ਲਹੌਰ ਦੇ ਪੰਜ ਕੇਸਾਂ ਅਤੇ ਫੇਰੂ ਸ਼ਹਿਰ ਅਤੇ ਬੱਲਾ-ਬ੍ਰਿਜ ਦੀਆਂ ਘਟਨਾਵਾਂ ਦੇ ਮੁਕੱਦਮਿਆਂ ਅਤੇ ਬਰਮਾ ਦੇ ਕੇਸਾਂ ਵਿਚ ਜਿਨ੍ਹਾਂ 42 ਗ਼ਦਰੀ ਨੇਤਾਵਾਂ ਕਾਰਜਕਰਤਾਵਾਂ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਉਨ੍ਹਾਂ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰ ਸਿੰਘ, ਵਿਸ਼ਣੂ ਗਣੇਸ਼ ਪਿੰਗਲੇ, ਬਲਵੰਤ ਸਿੰਘ ਖੁਰਦਪੁਰ, ਪੰਡਿਤ ਕਾਂਸ਼ੀਰਾਮ, ਰਹਿਮਤ ਅਲੀ, ਪ੍ਰੇਮ ਸਿੰਘ ਸੁਰ ਸਿੰਘ, ਬੰਤਾ ਸਿੰਘ ਸੰਘਵਾਲ, ਪੰਡਿਤ ਸੋਹਨ ਲਾਲ ਪਾਠਕ ਅਤੇ ਬਾਬੂ ਹਰਨਾਮ ਸਿੰਘ ਕਾਹਰੀ ਦੇ ਨਾਮ ਵਿਸ਼ੇਸ਼ ਰੂਪ ਨਾਲ ਵਰਨਣਯੋਗ ਹਨ। ਲਾਹੌਰ, ਮੇਰਠ ਅਤੇ ਸਿੰਘਾਪੁਰ ਦੀਆਂ ਫੌਜੀ ਅਦਾਲਤਾਂ ਵਿਚ 56 ਗ਼ਦਰੀ ਫੌਜੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ। 20 ਗ਼ਦਰੀ ਯਾਤਰੀ ਬਜਬਜ ਘਾਟ 'ਤੇ ਅਤੇ 3 ਪੁਲਿਸ ਦੇ ਨਾਲ ਭੇੜ ਵਿਚ ਸ਼ਹੀਦ ਹੋਏ। ਇਸ ਦੇ ਇਲਾਵਾ 11 ਗ਼ਦਰੀ ਨੇਤਾ ਅਤੇ ਹੋਰ 131 ਫੌਜੀ ਗ਼ਦਰੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਇਨ੍ਹਾਂ ਸਭ ਦੀਆਂ ਜਾਇਦਾਦਾਂ ਜ਼ਬਤ ਕਰ ਕੇ ਉਨ੍ਹਾਂ ਦੇ ਪਰਿਵਾਰਾਂ ਅਤੇ ਘਰ ਵਾਲਿਆਂ ਤੋਂ ਉਨ੍ਹਾਂ ਦੀ ਆਜੀਵਕਾ ਖੋਹ ਲਈ ਗਈ। 89 ਗਦਰੀਆਂ ਨੂੰ ਉਮਰ ਕੈਦ ਤੋਂ ਘੱਟ ਸਜ਼ਾ ਹੋਈ।

ਅਤੇ ਉਨ੍ਹਾਂ 1929 ਵਿਚ ਪੂਰਣ ਸਵਰਾਜ ਨੂੰ ਆਪਣਾ ਮੁੱਖ ਟੀਚਾ ਸਵੀਕਾਰ ਕਰ ਲਿਆ।

ਭਾਰਤ ਦੇ ਰਾਸ਼ਟਰੀ ਅੰਦੋਲਨ ਦੀਆਂ ਕ੍ਰਾਂਤੀਕਾਰੀ ਅਤੇ ਜੁਝਾਰੂ ਤਾਕਤਾਂ ਵਿਚ ਗ਼ਦਰ ਪਾਰਟੀ ਦੀ ਨਾ ਸਿਰਫ਼ ਮੁੱਖ ਥਾਂ ਹੈ, ਬਲਕਿ ਇਸ ਨੇ ਇਨ੍ਹਾਂ ਤਾਕਤਾਂ ਨੂੰ ਉਤਸ਼ਾਹਿਤ ਕਰਨ ਵਿਚ ਵੀ ਵੱਡਾ ਹਿੱਸਾ ਪਾਇਆ ਹੈ।

ਇਸ ਪਾਰਟੀ ਨੂੰ ਭਾਰਤ ਦੀ ਸੁਤੰਤਰਤਾ ਦੇ ਵੱਡੇ ਦੁਸ਼ਮਣ ਅਤੇ ਪੰਜਾਬੀਆਂ ਦਾ ਕੀਮਤੀ ਖ਼ੂਨ ਬਹਾਉਣ ਦੇ ਦੋਸ਼ੀ ਸਰ ਮਾਈਕਲ ਅਡਵਾਇਰ ਤੋਂ ਬਦਲਾ ਲੈਣ ਦਾ ਮਾਣ ਵੀ ਪ੍ਰਾਪਤ ਹੈ। ਮਾਰਚ 1940 ਨੂੰ ਸਰਦਾਰ ਊਧਮ ਸਿੰਘ ਸੁਨਾਮ ਨੇ ਅਮਰੀਕਾ ਤੋਂ ਲੰਦਨ ਪਹੁੰਚ ਕੇ ਕੈਕਸਟਨ ਹਾਲ ਦੀ ਵੱਡੀ ਸਭਾ ਵਿਚ ਉਸ ਕਲੰਕੀ ਨੂੰ ਗੋਲੀ ਦਾ ਨਿਸ਼ਾਨਾ ਬਣਾ ਕੇ ਭਾਰਤੀ ਜਨਤਾ ਦੀ ਗੁੱਸੇ ਦੀ ਅੱਗ ਨੂੰ ਸ਼ਾਂਤ ਕੀਤਾ।

ਇਸ ਗ਼ਦਰ ਅੰਦੋਲਨ ਦਾ ਇਤਿਹਾਸਕ ਮਹੱਤਵ ਇਹ ਹੈ ਕਿ ਇਸ ਨੇ ਬਾਹਰ ਤੋਂ ਉੱਠ ਕੇ ਅੰਗਰੇਜ਼ੀ ਹਕੂਮਤ ਨਾਲ ਹਥਿਆਰਬੰਦ ਟੱਕਰ ਲੈਣ ਅਤੇ ਉਸ ਦਾ ਭਾਰਤੀ ਜ਼ਮੀਨ ਤੋਂ ਖ਼ਾਤਮਾ ਕਰਨ ਦਾ ਉਸ ਵੇਲੇ ਯਤਨ ਕੀਤਾ ਜਦ ਦੇਸ਼ ਵਿਚ ਰਾਸ਼ਟਰੀ ਅੰਦੋਲਨ ਵਿਚ ਨਾ ਤਾਂ ਅਜੇ ਤੱਕ ਰਾਸ਼ਟਰੀ ਏਕਤਾ ਪੈਦਾ ਹੋਈ ਸੀ ਅਤੇ ਨਾ ਹੀ ਸੁਤੰਤਰਤਾ ਦਾ ਅਹਿਸਾਸ। ਦੇਸ਼ ਵਿਚ ਪੂਰਨ ਸਵਰਾਜ ਦਾ ਨਾਮ ਲੈਣਾ ਉਸ ਸਮੇਂ ਜੁਰਮ ਸਮਝਿਆ ਜਾਂਦਾ ਸੀ। ਕਾਂਗਰਸ ਬਰਤਾਨਵੀ ਹਕੂਮਤ ਦੇ ਨਾਲ ਮਿਲ ਕੇ ਚੱਲਦੀ ਸੀ ਅਤੇ ਜੰਗ ਵਿਚ ਉਸ ਦੀ ਖੁੱਲ੍ਹ ਕੇ ਸਹਾਇਤਾ ਕਰ ਰਹੀ ਸੀ।

ਗ਼ਦਰ ਪਾਰਟੀ ਨੇ ਦੇਸ਼ ਦੀਆਂ ਸਾਰੀਆਂ ਹੋਰ ਪਾਰਟੀਆਂ ਤੋਂ ਪਹਿਲਾਂ ਪੂਰਨ ਸਵਰਾਜ, ਲੋਕਤੰਤਰ ਅਤੇ ਬਰਾਬਰਤਾ ਨੂੰ ਆਪਣਾ ਮੁੱਖ ਟੀਚਾ ਬਣਾਇਆ ਅਤੇ ਇਸ ਦੀ ਪ੍ਰਾਪਤੀ ਲਈ ਸੰਘਰਸ਼ ਸੰਗਠਤ ਕੀਤਾ ਅਤੇ ਚਲਾਇਆ।

ਭਾਰਤ ਦੀ ਜ਼ਮੀਨ 'ਤੇ ਸਭ ਤੋਂ ਪਹਿਲਾਂ ਰਾਸ਼ਟਰੀ ਕ੍ਰਾਂਤੀਕਾਰੀ ਝੰਡਾ ਉੱਚਾ ਕਰ ਕੇ ਦੇਸ਼ ਦਾ ਸੁਤੰਤਰਤਾ ਸੰਗਰਾਮ ਸ਼ੁਰੂ ਕੀਤਾ। ਇਸ ਦੇ ਤਿੰਨ ਰੰਗ ਸਨ ਉੱਪਰ ਲਾਲ, ਵਿਚਕਾਰ ਕੇਸਰੀ ਅਤੇ ਹੇਠਾਂ ਹਰਾ ਜੋ ਉਸ ਸਮੇਂ ਦੀਆਂ ਤਿੰਨ ਮੁੱਖ ਧਾਰਮਿਕ ਲਹਿਰਾਂ ਅਤੇ ਵਿਚਾਰਧਾਰਾਵਾਂ ਹਿੰਦੂ, ਸਿੱਖ ਅਤੇ ਮੁਸਲਮਾਨ ਨੂੰ ਪ੍ਰਗਟ ਕਰਦੇ ਸਨ। ਝੰਡੇ 'ਤੇ ਵਿਚਕਾਰੋਂ ਦੋ ਤਲਵਾਰਾਂ ਇਕ ਦੂਜੇ ਨੂੰ ਕੱਟਦੀਆਂ ਸਨ।

ਗ਼ਦਰ ਪਾਰਟੀ ਪਹਿਲੀ ਪਾਰਟੀ ਹੈ, ਜਿਸ ਨੇ ਅੰਤਰਰਾਸ਼ਟਰੀ ਕ੍ਰਾਂਤੀਕਾਰੀ ਅੰਦੋਲਨਾਂ ਦੀ ਸਹਾਇਤਾ ਅਤੇ ਸਹਿਯੋਗ ਪ੍ਰਾਪਤ ਕੀਤਾ ਅਤੇ ਉਨ੍ਹਾਂ ਦੇ ਨਾਲ ਨਾ ਸਿਰਫ਼ ਵਿਚਾਰ ਸਾਂਝੇ ਕੀਤੇ ਬਲਕਿ ਉਨ੍ਹਾਂ ਤੋਂ ਸਹਾਇਤਾ


ਬਾਬਾ ਜੀ ਦੇ ਵਿਛੋੜੇ ਸਮੇਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦਾ ਸਰੂਪ

ਕੀਤੀ। ਵਿਰਲਾ ਤੇ ਪ੍ਰਸੰਸਾਯੋਗ ਕੰਮ ਉਸ ਨੇ ਇਹ ਕੀਤਾ ਹੈ ਕਿ 1914-15 ਦੇ ਗ਼ਦਰੀ ਵੀਰਾਂ ਅਤੇ ਹੋਰ ਰਾਜਨੀਤਕ ਬੰਦੀਆਂ ਦੀ ਖ਼ਬਰਸਾਰ ਲੈਣ, ਉਨ੍ਹਾਂ ਦੀ ਜੇਲਾਂ ਵਿਚ ਸਹਾਇਤਾ ਕਰਨ ਅਤੇ ਪਿੱਛੇ ਉਨ੍ਹਾਂ ਦੇ ਪਰਿਵਾਰਾਂ ਦੀ ਸੰਭਾਲ ਲਈ ਦੇਸ਼-ਭਗਤ ਪਰਿਵਾਰ ਸਹਾਇਕ ਕਮੇਟੀ ਬਣਾਈ, ਜਿਸ ਦੀ ਨੀਂਹ ਜੇਲ੍ਹਾਂ ਤੋਂ ਮੁਕਤ ਹੋ ਕੇ ਆਏ ਗ਼ਦਰੀ ਵੀਰਾਂ ਨੇ 1929 ਵਿਚ ਰੱਖੀ। ਗ਼ਦਰ ਪਾਰਟੀ ਦੇ ਮਨੁੱਖੀ ਨੇਤਾ ਸੰਤ ਬਾਬਾ ਵਿਸਾਖਾ ਸਿੰਘ ਜੀ ਦਦੇਹਰ ਇਸ ਦੇ ਪ੍ਰਧਾਨ ਬਣੇ ਜਿਨ੍ਹਾਂ ਨੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਅਖੀਰੀ ਸਾਹਾਂ ਤੱਕ ਬੜੀ ਸਫ਼ਲਤਾ ਪੂਰਵਕ ਉਸ ਨੂੰ ਚਲਾਇਆ। ਇਸ ਕਮੇਟੀ ਨੇ ਦੋ ਲੱਖ ਤੋਂ ਜ਼ਿਆਦਾ ਰੁਪਏ ਇਕੱਠੇ ਕਰ ਕੇ ਰਾਜਨੀਤਕ ਪੀੜਤਾਂ ਦੀ ਸਹਾਇਤਾ ਕੀਤੀ। ਇਸ ਕਮੇਟੀ ਦੀ ਪ੍ਰਧਾਨਗੀ ਵਿਚ ਗ਼ਦਰ ਪਾਰਟੀ ਨੇ 1933 ਤੋਂ ਲੈ ਕੇ 1937 ਤੱਕ 'ਰਾਜਨੀਤਕ ਬੰਦੀ ਮੁਕਤੀ' ਅੰਦੋਲਨ ਚਲਾਇਆ ਜਿਸ ਨੂੰ ਆਪਣੇ ਟੀਚੇ ਵਿਚ ਸਫਲਤਾ ਮਿਲੀ। 1938 ਤੱਕ ਸਾਰੀਆਂ ਗ਼ਦਰ, ਸੋਸ਼ਲਿਸਟ ਰਿਪਬਲਿਕਨ ਪਾਰਟੀ ਦੇ ਬਹੁਤ ਸਾਰੇ ਮੈਂਬਰ ਰਿਹਾਅ ਹੋ ਗਏ।

ਪਾਰਟੀ ਨੇ 1938 ਵਿਚ ਗ਼ਦਰੀ ਯੋਧਿਆਂ ਅਤੇ ਸ਼ਹੀਦੀਆਂ ਦੀ ਯਾਦਗਾਰ ਬਣਾਉਣ ਦਾ ਫ਼ੈਸਲਾ ਕੀਤਾ ਅਤੇ ਇਸ ਲਈ ਦੇਸ਼ ਭਗਤ ਪਰਿਵਾਰ ਸਹਾਇਤਾ ਕਮੇਟੀ ਵੱਲੋਂ ਅਲੱਗ ਫੰਡ ਇਕੱਠਾ ਕਰਨਾ ਸ਼ੁਰੂ ਕੀਤਾ। ਅਖੀਰ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਨੇ 1955 ਵਿਚ ਪ੍ਰਸਤਾਵ ਨਾਲ ਗ਼ਦਰੀਆਂ ਅਤੇ ਹੋਰ ਕ੍ਰਾਂਤੀਕਾਰੀਆਂ ਦੀ ਯਾਦ 'ਚ ਜਲੰਧਰ ਸ਼ਹਿਰ ਵਿਚ ਯਾਦਗਾਰ ਸਥਾਪਤ ਕਰਨ ਦਾ ਫ਼ੈਸਲਾ ਕੀਤਾ। ਇਸ ਟੀਚੇ ਲਈ ਇਸ ਨੇ ਇਕ 'ਦੇਸ਼ ਭਗਤ ਯਾਦਗਾਰ ਕਮੇਟੀ' ਬਣਾਈ ਅਤੇ ਯਾਦਗਾਰ ਦਾ ਫੰਡ

**ਇਜ਼ਹਾਰ ਕੀਤਾ ਕਿ ਆਜ਼ਾਦੀ ਦੇ ਬਾਰਾਂ ਸਾਲ ਬਾਅਦ ਵੀ ਆਜ਼ਾਦੀ ਸੰਗਰਾਮ ਦਾ ਇਤਿਹਾਸ ਨਹੀਂ ਲਿਖਿਆ ਗਿਆ।**

ਉਨ੍ਹਾਂ ਨੇ ਸ਼ਹੀਦਾਂ ਦੀ ਸਾਂਝੀ ਯਾਦਗਾਰ ਕਾਇਮ ਕਰਨ ਦੇ ਉਦਮ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਹ ਸ਼ੁੱਭ ਯਤਨ ਹੋਰਨਾਂ ਸੂਬਿਆਂ ਨੂੰ ਵੀ ਉਤਸ਼ਾਹ ਦੇਵੇਗਾ।

ਪ੍ਰੀਤ ਨਗਰ ਦੇ ਬਾਨੀ ਸ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਨੇ ਆਪਣੇ ਅੰਦਾਜ਼ 'ਚ ਕਿਹਾ:

**ਇਹ ਯਾਦਗਾਰ ਸਾਡੀ ਕੌਮ, ਸਰਕਾਰ ਤੇ ਸਾਰੀਆਂ ਪਾਰਟੀਆਂ ਵੱਲੋਂ ਸਾਂਝੇ ਤੌਰ 'ਤੇ ਬਣਨੀ ਚਾਹੀਦੀ ਸੀ ਪਰ ਇਹ ਗ਼ਦਰ ਲਹਿਰ ਦੇ ਸਾਥੀਆਂ ਨੂੰ ਆਪ ਬਣਾਉਣੀ ਪੈ ਰਹੀ ਹੈ। ਉਨ੍ਹਾਂ ਦਾ ਇਹ ਉਦਮ ਮਹਾਨ ਹੈ।**

ਸ. ਅਮਰ ਸਿੰਘ ਜਨਰਲ ਸਕੱਤਰ ਸ਼੍ਰੋਮਣੀ ਕਮੇਟੀ ਵੱਲੋਂ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਹੋਇਆਂ ਕਿਹਾ:

**ਆਮ ਤੌਰ ਤੇ ਇਸ ਕਿਸਮ ਦੀਆਂ ਸੰਸਥਾਵਾਂ ਦੀ ਨੀਂਹ ਵੱਡੇ ਲੋਕਾਂ ਕੋਲੋਂ ਰਖਵਾਉਣ ਦਾ ਰਿਵਾਜ਼ ਹੈ ਪਰ ਇਸ ਯਾਦਗਾਰ ਦੀ ਨੀਂਹ ਬਾਬਾ ਅਮਰ ਸਿੰਘ ਸੰਧਵਾਂ ਜਿਹੇ ਦੇਸ਼ ਭਗਤ ਤੇ ਮਹਾਂਦਾਨੀ ਤੋਂ ਰਖਵਾਈ ਜਾ ਰਹੀ ਹੈ। ਜਿਸ ਯਾਦਗਾਰ ਦੀ ਨੀਂਹ ਇਹੋ ਜਿਹੇ ਮਨੁੱਖ ਦੇ ਹੱਥੋਂ ਰਖਵਾਈ ਜਾ ਰਹੀ ਹੋਵੇ ਤਾਂ ਸਚਮੁਚ ਇਹ ਇਕ ਹਕੀਕੀ ਯਾਦਗਾਰ ਹੋਵੇਗੀ।**

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ, ਜਿਹੜੀ ਇਨ੍ਹਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਹੀ ਬਜੂਦ ਵਿਚ ਆਈ, ਇਸ ਯਾਦਗਾਰ ਲਈ 50 ਹਜ਼ਾਰ ਰੁਪਏ ਦੇ ਰਹੀ ਹੈ। ਇਸ ਸਿਲਸਿਲੇ ਵਿਚ ਉਨ੍ਹਾਂ ਪਹਿਲੀ ਕਿਸ਼ਤ ਦੇ ਤੌਰ 'ਤੇ 11 ਹਜ਼ਾਰ ਰੁਪਏ ਦਾ ਚੈੱਕ ਪੇਸ ਕੀਤਾ।

ਡਾ. ਕੇ.ਐਮ. ਅਸ਼ਰਫ ਨੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਦੇ ਉਦੇਸ਼ਾਂ ਨੂੰ ਅਗਾਂਹ ਵਧਾਉਂਦੇ ਹੋਏ ਦੇਸ਼ ਵਿਚ ਇਕ ਨਿਆਂ ਭਰੇ ਸਮਾਜ ਦੀ ਸਥਾਪਨਾ ਲਈ ਜਦੋ ਜਹਿਦ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਆਂਧਰਾ ਦੇ ਸ੍ਰੀ ਨਾਗੀ ਰੈਡੀ (ਜਿਹੜੇ ਪਿੱਛੋਂ ਨਕਸਲਬਾੜੀ ਲਹਿਰ ਦੇ ਆਗੂ ਬਣੇ) ਨੇ ਕਿਹਾ:

**ਮੈਨੂੰ ਇਹ ਗੱਲ ਬੜੀ ਮਹੱਤਵਪੂਰਨ ਲੱਗੀ ਹੈ ਕਿ ਇਥੇ ਸਾਰੀਆਂ ਸਿਆਸੀ ਪਾਰਟੀਆਂ ਯਾਦਗਾਰ ਕਾਇਮ ਕਰਨ ਲਈ ਜੁੜੀਆਂ ਹਨ।**

ਰਾਏ ਬਹਾਦਰ ਬਦਰੀ ਦਾਸ ਜਿਸ ਨੇ ਬਹੁਤ ਘੱਟ ਕੀਮਤ ਲੈ ਕੇ ਇਹ ਜ਼ਮੀਨ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਦਿੱਤੀ, ਉਹ ਵੀ ਇਸ ਮੌਕੇ ਹਾਜ਼ਰ ਸਨ। ਉਨ੍ਹਾਂ ਨੇ ਵੀ ਇਸ ਪਵਿੱਤਰ ਕਾਰਜ ਮੌਕੇ ਸ਼ੁਭ ਇਛਾਵਾਂ ਪ੍ਰਗਟ ਕਰਦਿਆਂ ਕਿਹਾ:

**ਮੈਂ ਇਸ ਲਈ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ਕਿ ਉਨ੍ਹਾਂ ਨੇ ਸਾਰਿਆਂ ਹਿੰਦ ਵਾਸੀਆਂ ਦੀ ਆਜ਼ਾਦੀ ਲਈ ਸ਼ਹੀਦੀ ਦਿੱਤੀ।**

ਪੰਜਾਬ ਦੀ ਕਮਿਊਨਿਸਟ ਲਹਿਰ ਦੇ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ

ਗਵਰਨਿੰਗ ਕੌਂਸਲ ਦੀ ਹੋਈ ਮੀਟਿੰਗ ਵਿਚ ਯਾਦਗਾਰ ਦੀ ਉਸਾਰੀ ਦੇ ਨਾਲ-ਨਾਲ ਦੁਕਾਨਾਂ ਬਣਾਉਣ ਦਾ ਫੈਸਲਾ ਸਰਬਸੰਮਤੀ ਨਾਲ ਲੈ ਕੇ, ਦੇਖ ਰੇਖ ਲਈ ਬਾਬਾ ਗੁਰਮੁਖ ਸਿੰਘ ਅਤੇ ਬਾਬਾ ਅਮਰ ਸਿੰਘ ਸੰਧਵਾਂ ਨਿਯੁਕਤ ਕੀਤੇ ਗਏ ਸਨ।

ਇਸ ਦੌਰਾਨ ਮਾਸਟਰ ਹਰੀ ਸਿੰਘ ਧੂਤ ਕਮਿਊਨਿਸਟ ਪਾਰਟੀ ਦੀਆਂ ਸਰਗਰਮੀਆਂ ਕਾਰਨ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਨਜ਼ਰਬੰਦ ਕੀਤੇ ਗਏ ਸਨ। ਉਸਾਰੀ ਦਾ ਕੰਮ ਏਨੀ ਤੇਜੀ ਨਾਲ ਚੱਲ ਰਿਹਾ ਸੀ ਕਿ ਸਾਲ ਕੁ ਪਿੱਛੋਂ ਮਾ. ਹਰੀ ਸਿੰਘ ਧੂਤ ਰਿਹਾ ਹੋ ਕੇ ਬਾਹਰ ਆਏ ਤਾਂ ਦੇਸ਼ ਭਗਤ ਯਾਦਗਾਰ ਹਾਲ ਉਸਰਿਆ ਦੇਖ ਕੇ ਬੜੇ ਪ੍ਰਸੰਨ ਹੋਏ ਸਨ। ਉਨ੍ਹਾਂ ਨੇ ਇਸ ਸਬੰਧੀ ਆਪਣੀਆਂ ਭਾਵਨਾਵਾਂ ਨੂੰ ਇਕ ਲੇਖ ਰਾਹੀਂ ਪ੍ਰਗਟ ਵੀ ਕੀਤਾ।[80]

## ਗ਼ਦਰ ਲਹਿਰ ਦਾ ਜੁਬਲੀ ਸਮਾਗਮ

ਦੇਸ਼ ਭਗਤ ਯਾਦਗਾਰ ਵਾਲੀ ਜ਼ਮੀਨ ਦੇ ਖਰੀਦਣ ਨਾਲ ਹੀ ਇੱਥੇ ਰਾਜਸੀ ਤੇ ਸਭਿਆਚਾਰਕ ਸਰਗਰਮੀਆਂ ਸ਼ੁਰੂ ਹੋ ਗਈਆਂ ਸਨ। ਸਿਆਸੀ ਪਾਰਟੀਆਂ, ਮਜ਼ਦੂਰਾਂ-ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ, ਨੌਜਵਾਨਾਂ ਤੇ ਹੋਰ ਜਨਤਕ ਜਥੇਬੰਦੀਆਂ ਦੀਆਂ ਮੀਟਿੰਗਾਂ, ਕਾਨਫਰੰਸਾਂ ਤੇ ਮੁਜ਼ਾਹਰਿਆਂ ਲਈ ਇਹ ਇਕ ਅਜਿਹੇ ਪਿੜ ਵਜੋਂ ਸਥਾਪਤ ਹੋਇਆ ਜਿਹੜਾ ਕਦੇ ਬ੍ਰੈਡਲਾ ਹਾਲ (ਹੁਣ ਪਾਕਿਸਤਾਨ ਵਿਚ) ਹੋਇਆ ਕਰਦਾ ਸੀ। ਇਸ ਧਰੋਹਰ ਦਾ ਸੁਪਨਾ ਲੈਣ ਵਾਲਾ ਅਤੇ ਜੀਉਂਦੇ-ਜੀ ਸੁਪਨੇ ਨੂੰ ਸਾਕਾਰ ਹੁੰਦਾ ਦੇਖਣ ਦੀ ਤੀਬਰ ਇੱਛਾ ਰੱਖਣ ਵਾਲੇ ਬਾਬਾ ਵਸਾਖਾ ਸਿੰਘ ਦਦੇਹਰ 5 ਦਸੰਬਰ 1957 ਨੂੰ ਸਦੀਵੀ ਵਿਛੋੜਾ ਦੇ ਗਏ।[81] ਦੇਵਨੇਤ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਇਥੇ ਸਮਾਗਮਾਂ ਦੀ ਸ਼ੁਰੂਆਤ ਵੀ ਬਾਬਾ ਵਸਾਖਾ ਸਿੰਘ ਦਦੇਹਰ ਦੀ ਬਰਸੀ-ਸਮਾਗਮ ਦੇ ਨਾਲ ਕੀਤੀ ਗਈ ਸੀ, ਜਿਸ ਦਾ ਸੁਪਨਾ ਲੈ ਕੇ ਇਸ ਨੂੰ ਸਾਕਾਰ ਕਰਨ ਲਈ ਉਹ ਮਾੜੀ ਸਿਹਤ ਦੇ ਬਾਵਜੂਦ 20 ਸਾਲ ਜਦੋ ਜਹਿਦ 'ਚ ਲੱਗੇ ਰਹੇ।

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਗ਼ਦਰ ਲਹਿਰ ਦੀ 50ਵੇਂ ਵਰ੍ਹੇਗੰਢ ਦੇ ਗੋਲਡਨ ਜੁਬਲੀ ਸਮਾਗਮ 'ਫੇਰੂ ਸ਼ਹਿਰ ਦੇ ਸਾਕੇ' ਦੀ ਯਾਦ ਵਿਚ 31 ਮਾਰਚ ਅਤੇ 1 ਅਪ੍ਰੈਲ 1964 ਨੂੰ ਦੇਸ਼ ਭਗਤ ਯਾਦਗਾਰ ਦੀ ਤਿਆਰ ਬਿਲਡਿੰਗ ਵਿੱਚ ਕੀਤਾ ਗਿਆ ਸੀ। ਇਹ ਸਾਕਾ ਗ਼ਦਰ ਲਹਿਰ ਦੀ ਪਹਿਲੀ ਘਟਨਾ ਸੀ ਜਿਸ ਵਿਚ ਭਾਈ ਚੰਦਾ ਸਿੰਘ ਵੜੈਚ ਤੇ ਭਾਈ ਧਿਆਨ ਸਿੰਘ ਬੰਗਸੀਪੁਰਾ ਪੁਲਸ ਨਾਲ ਹੋਈ ਮੁੱਠ-ਭੇੜ ਵਿਚ ਮੌਕੇ 'ਤੇ ਸ਼ਹੀਦ ਹੋ ਗਏ ਸਨ। ਇਸ ਸਾਕੇ ਦੇ ਸੱਤ ਗ਼ਦਰੀ ਦੇਸ਼ ਭਗਤਾਂ ਨੂੰ ਪਿੱਛੋਂ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਸੀ। ਉਹ ਸਨ ਗ਼ਦਰ ਪਾਰਟੀ ਦੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ, ਭਾਈ ਜੀਵਨ ਸਿੰਘ ਦੌਲੇ ਸਿੰਘ ਵਾਲਾ, ਸ੍ਰੀ ਰਹਿਮਤ ਅਲੀ ਵਜੀਦਕੇ, ਭਾਈ ਲਾਲ ਸਿੰਘ ਸਾਹਿਬਆਣਾ, ਭਾਈ ਧਿਆਨ ਸਿੰਘ ਉਮਰਪੁਰਾ, ਭਾਈ ਜਗਤ ਸਿੰਘ ਬਿੰਜਲ, ਭਾਈ ਬਖਸ਼ੀਸ਼ ਸਿੰਘ ਖਾਨਪੁਰ।[82]



*ਗ਼ਦਰ ਪਾਰਟੀ ਦੀ ਗੋਲਡਨ ਜੁਬਲੀ ਸਮਾਗਮ ਮੌਕੇ ਬਾਬਾ ਸੋਹਣ ਸਿੰਘ ਭਕਨਾ, ਬਾਬਾ ਪ੍ਰਿਥੀ ਸਿੰਘ ਆਜ਼ਾਦ, ਕਾ. ਬਚਨ ਸਿੰਘ ਮਹਿਤਪੁਰ, ਬਾਬਾ ਗੁੱਜਰ ਸਿੰਘ ਭਕਨਾ, ਬਾਬਾ ਗੁਰਮੁੱਖ ਸਿੰਘ ਲਲਤੋਂ, ਬਾਬਾ ਕਰਮ ਸਿੰਘ ਚੀਮਾ, ਹਨੂਵੰਤ ਸਹਾਏ, ਬਾਬਾ ਹਰਜਾਪ ਸਿੰਘ*

(ਫੋਟੋ: ਗੋਪਾਲ ਸਿੰਘ ਚੰਦਨ)

**ਦੀ ਜਾਗ ਲਾਉ ਤਾਂ ਜੋ ਦੇਸ਼ ਵਿਚ ਸੂਝ ਦਾ ਇਨਕਲਾਬ ਲਿਆਂਦਾ ਜਾ ਸਕੇ।"**[84]

ਬਾਬਾ ਅਮਰ ਸਿੰਘ ਸੰਧਵਾਂ ਨੇ ਜੁਬਲੀ ਸਮਾਗਮ ਲਈ ਕਾ. ਭਗਤ ਸਿੰਘ ਬਿਲਗਾ ਸਮੇਤ ਹੋਰ ਸਾਥੀਆਂ ਨੂੰ ਨਾਲ ਲੈ ਕੇ ਸੰਧਵਾਂ, ਫਰਾਲਾ, ਦੁਸਾਂਝਾ, ਮੰਢਾਲੀ ਆਦਿ ਪਿੰਡਾਂ 'ਚੋਂ ਫੰਡ ਇਕੱਠਾ ਕੀਤਾ ਸੀ।

## ਰੀਪਬਲਿਕਨ ਪਾਰਟੀ ਦਾ ਮੋਰਚਾ

ਦੱਬੇ-ਕੁਚਲੇ ਸਮਾਜ ਦੀ ਪਾਰਟੀ, ਰੀਪਬਲਿਕਨ ਪਾਰਟੀ ਵਲੋਂ 6 ਦਸੰਬਰ, 1964 ਨੂੰ ਸੂਬਾ ਤੇ ਕੇਂਦਰ ਦੀ ਕਾਂਗਰਸ ਸਰਕਾਰ ਵਿਰੁੱਧ ਮੋਰਚਾ ਲਾਇਆ ਗਿਆ ਸੀ। ਮੋਰਚੇ ਦੀਆਂ ਮੰਗਾਂ ਵਿਚ ਇਕ ਪ੍ਰਮੁੱਖ ਮੰਗ ਬੇਜ਼ਮੀਨੇ ਗ਼ਰੀਬਾਂ ਨੂੰ ਪੰਜ-ਪੰਜ ਏਕੜ ਜ਼ਮੀਨ ਮੁਫ਼ਤ ਦੇਣ ਦੀ ਸੀ। ਮੋਰਚਾ ਭੱਖ਼ ਗਿਆ ਸੀ ਅਤੇ ਹਜ਼ਾਰਾਂ ਦੀ ਤਦਾਦ ਵਿਚ ਸਤਿਆਗ੍ਰਹੀ ਜੇਲ੍ਹਾਂ ਅੰਦਰ ਬੰਦ ਕੀਤੇ ਗਏ ਸਨ। ਸਤਿਆਗ੍ਰਹੀਆਂ ਵੱਲੋਂ ਜੇਲ੍ਹਾਂ ਭਰਨ ਦਾ ਸਿਲਸਿਲਾ ਰੋਜ਼ਾਨਾਂ ਜਾਰੀ ਸੀ। ਸਤਿਆਗ੍ਰਹੀ ਕੈਦੀਆਂ ਨਾਲ ਭਰੀਆਂ ਜੇਲ੍ਹਾਂ ਅੰਦਰ ਨਿਤ ਵਰਤੋਂ ਦਾ ਸਾਮਾਨ ਦੇਣ ਵਿਚ ਸਰਕਾਰ ਨਾਕਾਮ ਹੋ ਗਈ ਸੀ। ਬਾਹਰ ਮੋਰਚਾ ਜਾਰੀ ਰੱਖਣ ਲਈ ਖਰਚਿਆਂ ਦੀ ਸਖ਼ਤ ਜ਼ਰੂਰਤ ਸੀ। ਪਾਰਟੀ ਦੇ ਆਗੂ ਸ਼੍ਰੀ ਲਾਹੌਰੀ ਰਾਮ ਬਾਲੀ ਜਲੰਧਰ ਦੀ ਸੈਂਟਰਲ ਜੇਲ੍ਹ ਵਿਚ ਕੈਦ ਸਨ। ਕਮਿਊਨਿਸਟਾਂ ਨਾਲ

ਇਸ ਮੌਕੇ ਤੇ ਹੀ ਲੁਧਿਆਣੇ ਤੋਂ ਸ਼੍ਰੀ ਅਜੀਤ ਕੁਮਾਰ ਐਮ.ਐਲ.ਏ. ਵੀ ਸਤਿਆਗ੍ਰਹੀਆਂ ਨੂੰ ਦੇਣ ਲਈ ਸਾਮਾਨ ਲੈ ਕੇ ਪੁੱਜਾ ਹੋਇਆ, ਡਿਉੜੀ ਅੱਗੇ ਖੜਾ ਸੀ।[87]

ਬਾਬਾ ਅਮਰ ਸਿੰਘ ਸੰਧਵਾਂ ਤੇ ਸ਼੍ਰੀ ਅਜੀਤ ਕੁਮਾਰ ਲੁਧਿਆਣਾ ਵਲੋਂ ਜਲੰਧਰ ਜੇਲ੍ਹ ਵਿਚ ਸਤਿਆਗ੍ਰਹੀਆਂ ਵਾਸਤੇ ਅਧਿਕਾਰੀਆਂ ਨੂੰ ਸੌਂਪੇ ਇਸ ਸਮਾਨ ਦਾ ਪ੍ਰਚਾਰ ਮੇਰੇ ਬਾਪ ਨੇ ਪਿੰਡ ਆ ਕੇ ਜ਼ੋਰ-ਸ਼ੋਰ ਨਾਲ ਸ਼ੁਰੂ ਕਰ ਦਿੱਤਾ, ਜਿਸ ਨਾਲ ਕਾਂਗਰਸੀ ਚੌਧਰੀਆਂ ਦਾ ਮੋਰਚੇ ਵਿਰੁੱਧ ਬੋਲਣਾ ਤਾਂ ਇਕ ਪਾਸੇ, ਉਨ੍ਹਾਂ ਦੀ ਧੌਣ ਚੁੱਕ ਕੇ ਤੁਰਨ ਦੀ ਹਿੰਮਤ ਨਾ ਰਹੀ। ਮੇਰਾ ਭਾਈਆ ਪਿੰਡ ਦੇ ਆਧਰਮੀਆਂ ਦੀ ਸੱਥ ਵਿੱਚ, ਮੋਰਚੇ ਦੀ ਹਮੈਤ ਲਈ ਜੇਲ੍ਹ ਵਿਚ ਬੰਦ ਕਾਮਰੇਡ ਕੁਲਵੰਤ ਸਿੰਘ, ਕਾਮਰੇਡ ਹਰਬੰਸ ਸਿੰਘ ਮੰਢਾਲੀ, ਕਾਮਰੇਡ ਮਲਕੀਤ ਚੰਦ ਮੇਹਲੀ ਤੇ ਕਾ. ਸ਼ੰਕਰ ਸਿੰਘ ਛੋਕਰ ਬਾਰੇ ਠੋਕਵੀਆਂ ਗੱਲਾਂ ਕਰਕੇ ਵਿਰੋਧੀਆਂ ਦੇ ਛੱਕੇ ਛੁਡਾਈ ਜਾਂਦਾ। ਮੋਰਚੇ ਤੋਂ ਪਿੱਛੋਂ ਕਾ. ਕੁਲਵੰਤ ਸਿੰਘ, ਕਾ. ਹਰਬੰਸ ਸਿੰਘ ਮੰਢਾਲੀ ਤੇ ਕਾ. ਸ਼ੰਕਰ ਸਿੰਘ ਛੋਕਰ ਦਲਿਤ ਸਮਾਜ ਦੇ ਜੁਝਾਰੂ ਸੈਕਸ਼ਨ ਵਿਚ ਹਮੇਸ਼ਾ ਸਤਿਕਾਰਤ ਰਹੇ। ਕਾ: ਹਰਬੰਸ ਸਿੰਘ ਮੰਢਾਲੀ ਦਾ ਬਹੁਤ ਸਮੇਂ ਪਹਿਲਾਂ ਦਿਹਾਂਤ ਹੋ ਗਿਆ ਸੀ ਜਦੋਂ ਕਿ ਕਾ: ਸ਼ੰਕਰ ਸਿੰਘ ਛੋਕਰ ਦੋ ਕੁ ਸਾਲ ਪਹਿਲਾਂ ਵਿਛੜ ਗਿਆ। ਰੀਪਬਲਿਕਨ ਪਾਰਟੀ ਦੇ ਮੋਰਚੇ* ਵਿਚ ਸ਼ਾਮਲ ਹੋ ਕੇ ਕਾਮਰੇਡ ਕੁਲਵੰਤ ਸਿੰਘ ਜਲੰਧਰ ਦੀ ਜੇਲ੍ਹ ਵਿਚ ਬੰਦ ਰਹੇ, ਜਿਹੜੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪਿੱਛੋਂ ਮੈਂਬਰ ਵੀ ਸਨ। ਉਨ੍ਹਾਂ ਦਾ ਸੰਨ 11 ਮਈ 2013 ਨੂੰ ਦਿਹਾਂਤ ਹੋ ਗਿਆ ਸੀ।[88]

ਮੋਰਚੇ ਦੌਰਾਨ ਬਾਬਾ ਅਮਰ ਸਿੰਘ ਸੰਧਵਾਂ ਵਲੋਂ ਸਤਿਆਗ੍ਰਹੀਆਂ ਤੱਕ ਸਮਾਨ ਪੁਚਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ। ਜਿਵੇਂ:

**ਪਹਿਲੀ ਵਾਰ** 21 ਜਨਵਰੀ 1965 ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਪੰਜ ਮਣ ਗੁੜ ਤੇ ਦੋ ਕਿਲ੍ਹੋ ਚਾਹ ਬਾਬਾ ਅਮਰ ਸਿੰਘ ਜੇਲ੍ਹ ਲੈ ਕੇ ਗਏ ਸਨ।

**ਦੂਜੀ ਵਾਰ** ਕਮੇਟੀ ਵੱਲੋਂ 263 ਰੁਪਏ ਦਾ ਗੁੜ ਤੇ ਸੌ ਰੁਪਏ ਨਕਦ ਸਤਿਆਗ੍ਰਹਿ ਵਾਸਤੇ ਬਾਬਾ ਅਮਰ ਸਿੰਘ ਸੰਧਵਾਂ ਖੁਦ ਜਲੰਧਰ ਸੈਂਟਰਲ ਜੇਲ੍ਹ ਵਿਚ ਬੰਦ ਮੋਰਚੇ ਦੇ ਆਗੂਆਂ ਨੂੰ ਦੇ ਕੇ ਗਏ।

**ਤੀਜੀ ਵਾਰ** ਬਾਬਾ ਅਮਰ ਸਿੰਘ ਸੰਧਵਾਂ ਨੇ ਆਖਰੀ ਵਾਰ ਰੀਪਬਲਿਕਨ ਪਾਰਟੀ ਦੇ ਸਤਿਆਗ੍ਰਹੀਆਂ ਲਈ ਜਲੰਧਰ ਦੀ ਜੇਲ੍ਹ ਵਿੱਚ ਆਪਣੇ ਕੋਲੋਂ ਪੰਜ ਮਣ ਤੇਈ ਸੇਰ ਗੁੜ ਪੁਚਾ ਕੇ ਗਏ ਸਨ।

**ਚੌਥੀ ਵਾਰ** 5 ਮਣ ਸਾਢੇ 27 ਕਿਲੋ ਗੁੜ 20 ਸੇਰ ਸਾਬਣ ਅਤੇ ਚਾਰ ਕਿਲੋ ਚਾਹਪੱਤੀ ਤੋਂ ਇਲਾਵਾ 50 ਰੁਪਏ ਸ਼ਹੀਦ ਰਾਮ ਪ੍ਰਕਾਸ਼ ਦੀ ਮਾਤਾ ਨੂੰ ਸਹਾਇਤਾ ਵਜੋਂ ਬਾਬਾ ਜੀ ਵੱਲੋਂ ਦਿੱਤੇ ਗਏ।

**ਪੰਜਵੀਂ ਵਾਰ** ਇਕ ਮਣ ਗੁੜ ਤੇ 100 ਰੁਪਏ ਬਾਬਾ ਜੀ ਆਪਣੇ ਪੱਲਿਓ ਸਤਿਆਗ੍ਰਹੀਆ ਲਈ ਜਲੰਧਰ ਦੀ ਜੇਲ੍ਹ ਵਿੱਚ ਪਹੁੰਚਾ ਕੇ ਗਏ ਸਨ।[89]

ਭਾਵੇਂ ਉਕਤ ਕਮਿਊਨਿਸਟ ਕਾਰਕੁੰਨ ਆਪਣੇ ਤੌਰ ਤੇ ਮੋਰਚੇ ਦੀ ਹਿਮਾਇਤ

ਹੱਥੋਂ ਰਖਾਇਆ ਗਿਆ ਸੀ। ਇਸ ਮੌਕੇ ਪੰਜਾਹ ਹਜ਼ਾਰ ਰੁਪਏ ਇਕੱਤਰ ਹੋਏ ਸਨ, ਜਿਸ ਵਿਚ ਬਾਬਾ ਅਮਰ ਸਿੰਘ ਸੰਧਵਾਂ ਵਲੋਂ ਦਿੱਤੀ ਗਈ ਸਹਾਇਤਾ ਵੀ ਸ਼ਾਮਲ ਸੀ। ਅੱਗੋਂ ਜਾ ਕੇ ਸਵਾਮੀ ਪੂਰਨਾ ਨੰਦ ਨੇ ਦੇਸ਼ ਭਗਤ ਮੈਮੋਰੀਅਲ ਸਕੂਲ ਦਾ ਪ੍ਰਬੰਧ ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਫਗਵਾੜਾ ਨੂੰ ਸੌਂਪ ਦਿੱਤਾ ਸੀ। ਸੁਆਮੀ ਪੂਰਨਾ ਨੰਦ ਨੇ ਲਿਖਿਆ ਸੀ:

> **ਬਾਬਾ ਅਮਰ ਸਿੰਘ ਸੰਧਵਾਂ ਨੂੰ ਮੈਂ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਵਾਲੇ ਸਮਝਦਾ ਹਾਂ।ਮਹਾਂਦਾਨੀ ਬਾਬਾ ਅਮਰ ਸਿੰਘ ਜੀ ਨੇ ਦੇਸ਼ ਭਗਤ ਯਾਦਗਾਰ ਹਾਲ (ਜਲੰਧਰ) ਦਾ ਨੀਂਹ-ਪੱਥਰ ਰੱਖਿਆ ਤੇ ਇਸ ਦੀ ਉਸਾਰੀ ਲਈ ਇਕ ਲੱਖ ਰੁਪਏ ਦਾਨ ਦਿੱਤਾ ਸੀ।"**[92]

1965 ਵਿਚ ਪਾਕਿਸਤਾਨ ਨਾਲ ਹੋਏ ਯੁੱਧ ਸਮੇਂ ਲੋਕਾਂ ਨੂੰ ਅਨੇਕਾਂ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਤਾਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਪਹਿਲਕਦਮੀ 'ਤੇ ਜੰਗੀ ਆਫਤ, ਹਵਾਈ ਹਮਲੇ ਤੇ ਜਾਸੂਸਾਂ ਦੇ ਖਤਰਿਆਂ ਤੋਂ ਬਚਣ ਲਈ ਡੀਫੈਂਸ ਕਮੇਟੀਆਂ ਬਣਾਉਣ ਦੀ ਤਜ਼ਵੀਜ ਪੇਸ਼ ਕੀਤੀ ਗਈ ਸੀ। ਕਮੇਟੀ ਮੈਂਬਰਾਂ ਸਮੇਤ ਆਮ ਜਨਤਾ ਨੂੰ ਅਪੀਲ ਕੀਤੀ ਗਈ ਸੀ ਕਿ ਆਪਣੀ ਰੱਖਿਆ ਲਈ ਡੀਫੈਂਸ ਕਮੇਟੀਆਂ ਬਣਾਉਣ ਅਤੇ ਦੇਸ਼ ਦੀ ਰੱਖਿਆ ਵਿਚ ਪੂਰੀ-ਪੂਰੀ ਮਦਦ ਦੇਣ। ਇਸ ਸੰਕਟ-ਕਾਲ ਨੂੰ ਮੁਖ ਰੱਖਦਿਆਂ ਕਮੇਟੀ ਦੇ ਖਜ਼ਾਨਚੀ ਬਾਬਾ ਅਮਰ ਸਿੰਘ ਸੰਧਵਾਂ ਤੇ ਸਕੱਤਰ ਬਾਬਾ ਗੁਰਮੁਖ ਸਿੰਘ ਲਲਤੋਂ ਨੇ 5000 ਰੁਪਏ ਇਸ ਖਾਤਰ ਖਰਚੇ ਲਈ ਵੀ ਪ੍ਰਵਾਨ ਕਰ ਲਏ ਸਨ। ਬਾਬਾ ਅਮਰ ਸਿੰਘ ਸੰਧਵਾਂ, ਬਾਬਾ ਗੁਰਮੁਖ ਸਿੰਘ, ਸ. ਹਰੀ ਸਿੰਘ ਜਾਲੰਧਰੀ, ਸ. ਕਰਮ ਸਿੰਘ ਕਿਰਤੀ M.L.A. ਤੇ ਸ. ਉਜਾਗਰ ਸਿੰਘ ਸਰਾਭਾ ਦੀ ਇਸ ਕੰਮ ਲਈ ਇਕ ਸਬ-ਕਮੇਟੀ ਬਣਾ ਕੇ ਜਨਤਾ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਇਨ੍ਹਾਂ ਨਾਲ ਆਪਣੀ-ਆਪਣੀ ਸਮਰੱਥਾ ਅਨੁਸਾਰ ਸਹਿਯੋਗ ਕਰਨ। ਇਸ ਸਬੰਧੀ ਜਨ-ਚੇਤਨਾ ਲਈ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 10-9-1965 ਨੂੰ ਇਕ ਪ੍ਰੈਸ ਮੀਟਿੰਗ ਕਰਕੇ ਜਨਤਾ ਦੀ ਜਾਣਕਾਰੀ ਲਈ ਪ੍ਰੈਸ ਨੋਟ ਵੀ ਜਾਰੀ ਕੀਤਾ ਗਿਆ ਸੀ। ਇਸ ਤਰ੍ਹਾਂ ਦੇਸ਼ 'ਤੇ ਬਣੀ ਭੀੜ ਸਮੇਂ ਹਾਕਮਾਂ ਵਲੋਂ ਜਨਤਾ ਸਿਰ ਮੜੇ ਸੰਕਟਾਂ ਦਾ ਸਾਹਮਣਾ ਕਰਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੇ ਹਮੇਸ਼ਾ ਆਪਣਾ ਫਰਜ ਸਮਝਿਆ ਕਿ ਉਹ ਲੋਕਾਂ ਨੂੰ ਜਾਗਰੂਕ ਕਰੇ।[93]

## ਫਗਵਾੜਾ ਬੰਬ ਕਾਂਡ

ਬਾਬਾ ਅਮਰ ਸਿੰਘ ਸੰਧਵਾਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਖਜ਼ਾਨਚੀ ਸਨ, ਜਦੋਂ ਕਿ ਫਗਵਾੜਾ ਦੀ ਜਗਤਜੀਤ ਕਾਟਨ ਟੈਕਸਟਾਈਲ ਮਿੱਲ ਵਿਚ ਇਕ ਦੁਖਦਾਈ ਘਟਨਾ ਵਾਪਰੀ। ਇਹ ਘਟਨਾ ਚਾਰ ਅਕਤੂਬਰ 1966 ਨੂੰ ਉਸ ਸਮੇਂ ਵਾਪਰੀ ਜਦੋਂ ਮਿੱਲ ਦੇ ਮਜ਼ਦੂਰ ਬੋਨਸ ਤੇ ਉਜਰਤ ਵਧਾਉਣ ਲਈ 'ਕਪੜਾ ਮਜ਼ਦੂਰ

ਅਮਰ ਸਿੰਘ ਸੰਧਵਾਂ ਸਰਬ ਸੰਮਤੀ ਨਾਲ ਕਮੇਟੀ ਦੇ ਪ੍ਰਧਾਨ ਅਤੇ ਸ. ਉਜਾਗਰ ਸਿੰਘ ਚੀਮਾ ਜਨਰਲ ਸਕੱਤਰ ਚੁਣੇ ਗਏ ਸਨ। ਬਾਬਾ ਅਮਰ ਸਿੰਘ ਸੰਧਵਾਂ ਦੇ ਪ੍ਰਧਾਨਗੀ ਕਾਲ ਵਿਚ ਇਕ ਵਿਸਵਾਸ਼ਘਾਤੀ ਘਟਨਾ ਵਾਪਰੀ, ਜਿਸ ਨੇ ਬਾਬਾ ਅਮਰ ਸਿੰਘ ਸਮੇਤ ਸਾਰੇ ਕਮੇਟੀ ਮੈਂਬਰਾਂ ਨੂੰ ਦੁੱਖ ਪਹੁੰਚਾਇਆ। ਬਾਬਾ ਗੁਰਮੁਖ ਸਿੰਘ ਦੀ ਨਿਗਰਾਨੀ ਹੇਠ ਛਪਦੇ 'ਦੇਸ਼ ਭਗਤ ਯਾਦਾਂ' ਅਤੇ 'ਪੀਪਲਜ਼ ਪਾਥ' (ਅੰਗਰੇਜ਼ੀ) ਮੈਗਜ਼ੀਨ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੁਲਾਰੇ ਸਨ, ਜਿਨ੍ਹਾਂ ਰਾਹੀਂ ਗ਼ਦਰ ਲਹਿਰ ਦੇ ਇਤਿਹਾਸ ਬਾਰੇ ਅਤੇ ਕਮੇਟੀ ਦੀਆਂ ਸਰਗਰਮੀਆਂ ਦੀ ਜਾਣਕਾਰੀ ਛਾਇਆ ਕੀਤੀ ਜਾਂਦੀ ਸੀ। ਇਹ ਪਰਚੇ ਆਪਣਾ ਖਰਚ ਨਹੀਂ ਚੁੱਕਦੇ ਸਨ। ਕਮੇਟੀ ਦੇ ਮੈਂਬਰ ਦੇਸ਼ ਭਗਤ ਯਾਦਾਂ (ਪੰਜਾਬੀ) ਤੋਂ ਬਿਨਾਂ ਬਾਕੀ ਪ੍ਰਕਾਸ਼ਨਾਵਾਂ ਬੰਦ ਕਰਨ ਦੇ ਵਿਚਾਰ ਵਿਚ ਸਨ। ਇਸ ਸਮੇਂ ਡਾ. ਵਿਕਰਮ ਸਿੰਘ, ਬਾਬਾ ਗੁਰਮੁਖ ਸਿੰਘ ਦੇ ਨਜ਼ਦੀਕ ਆ ਚੁੱਕਾ ਸੀ। ਬਾਬਾ ਗੁਰਮੁਖ ਸਿੰਘ ਉਸ ਤੇ ਵਿਸਵਾਸ਼ ਕਰਨ ਲੱਗ ਪਏ ਸਨ। ਇਸ ਵਿਸਵਾਸ਼ ਦਾ ਫਾਇਦਾ ਉਠਾਉਣ ਲਈ ਡਾ. ਵਿਕਰਮ ਸਿੰਘ ਨੇ ਬਾਬੇ ਨੂੰ ਇਸ ਗੱਲ ਲਈ ਸਹਿਮਤ ਕਰ ਲਿਆ ਕਿ ਉਹ ਵਿਦੇਸ਼ ਵਿਚ ਜਾ ਕੇ ਦੇਸ਼ ਭਗਤ ਯਾਦਗਾਰ ਹਾਲ ਲਈ ਫੰਡ ਉਗਰਾਹ ਕੇ ਲਿਆਏਗਾ। ਆਪਣੇ ਮਨੋਰਥ ਲਈ ਡਾ. ਵਿਕਰਮ ਸਿੰਘ ਨੇ 'ਦੇਸ਼ ਭਗਤ ਪ੍ਰਕਾਸ਼ਨ' ਨਾਂਅ ਦੀ ਵੱਖਰੀ ਸੁਸਾਇਟੀ ਬਣਾ ਕੇ ਉਸ ਦੇ ਰੂਲਜ਼ ਐਂਡ ਰੈਗੂਲੇਸ਼ਨ ਦਾ ਖਰੜਾ ਤਿਆਰ ਕੀਤਾ। ਬੋਰਡ ਆਫ਼ ਟਰੱਸਟੀਜ਼ ਦੇ ਗਿਆਰਾਂ ਮੈਂਬਰਾਂ ਵਿਚ ਅਮਰੀਕਾ ਨਿਵਾਸੀ ਭਾਈ ਸੰਤਾ ਸਿੰਘ ਲਹੁਕਾ ਤੇ ਭਾਈ ਰਾਮ ਸਿੰਘ ਰੁੜਕਾ ਜਿਹੜੇ ਅਮਰੀਕਾ ਵਿਚ ਗ਼ਦਰ ਪਾਰਟੀ ਦੇ ਕਾਰਕੁੰਨ ਰਹਿ ਚੁੱਕੇ ਸਨ ਨੂੰ ਟਰੱਸਟ ਦੇ ਮੈਂਬਰ ਲੈ ਕੇ ਬਾਕੀ ਨੌਂ ਮੈਂਬਰ ਉਸ ਨੇ ਆਪਣੇ ਸਕੇ-ਸੰਬੰਧੀ ਸ਼ਾਮਲ ਕਰ ਲਏ ਸਨ। ਇਸ ਕਾਰਵਾਈ ਤੋਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਬੇਖ਼ਬਰ ਸਨ ਅਤੇ ਨਾ ਹੀ ਕਿਸੇ ਮੈਂਬਰ ਨਾਲ ਬਾਬਾ ਗੁਰਮੁਖ ਸਿੰਘ ਨੇ ਇਸ ਸੰਬੰਧੀ ਸਲਾਹ-ਮਸ਼ਵਰਾ ਹੀ ਕੀਤਾ ਸੀ। ਸਗੋਂ ਬਾਬਾ ਗੁਰਮੁਖ ਸਿੰਘ ਵੱਲੋਂ ਇਕ ਅਧਿਕਾਰਤ ਚਿੱਠੀ ਡਾ. ਵਿਕਰਮ ਸਿੰਘ ਨੂੰ ਦੇ ਦਿੱਤੀ, ਨਾਲ ਹੀ ਵਿਦੇਸ਼ਾਂ ਵਿਚ ਰਹਿੰਦੇ ਵਿਸਵਾਸ਼ ਪਾਤਰਾਂ ਨੂੰ ਚਿੱਠੀਆਂ ਰਾਹੀਂ ਹਦਾਇਤ ਕਰ ਦਿੱਤੀ ਕਿ ਉਹ ਫੰਡ ਇਕੱਠਾ ਕਰਾਉਣ ਲਈ ਡਾ. ਵਿਕਰਮ ਸਿੰਘ ਦੀ ਮਦਦ ਕਰਨ, ਜਿਨ੍ਹਾਂ 'ਚੋਂ ਬਾਬਾ ਚਰਨ ਸਿੰਘ ਭਡਾਣਾ ਵੀ ਸੀ। ਅਮਰੀਕਾ ਵਿਚ ਬਾਬਾ ਭਡਾਣਾ ਨੇ ਤਿੰਨ ਸੌ ਡਾਲਰ ਵਿਕਰਮ ਸਿੰਘ ਨੂੰ ਦਿੱਤੇ। ਸ. ਰਾਮ ਸਿੰਘ ਰੁੜਕਾ ਤੇ ਸੰਤਾ ਸਿੰਘ ਲਹੁਕਾ* ਨੇ ਆਪਣੇ ਕੋਲੋਂ ਅਤੇ ਅਮਰੀਕਾ ਵਿਚੋਂ ਉਗਰਾਹੀ ਕਰਕੇ ਦਿੱਤੀ। ਅਮਰੀਕਾ ਤੋਂ ਬਾਅਦ ਵਿਕਰਮ ਸਿੰਘ ਕੈਨੇਡਾ ਪੁੱਜ ਗਿਆ। ਉਸ ਸਮੇਂ ਭਾਈ ਗੁਰਦਿਤ ਸਿੰਘ ਬਿਲਗਾ ਕੈਨੇਡਾ ਵਿਚਲੇ ਪੰਜਾਬੀ ਭਾਈਚਾਰੇ ਵਿਚ ਚੰਗੇ ਅਸਰ-ਰਸੂਖ ਵਾਲੇ ਵਿਅਕਤੀ ਸਨ। ਉਸ ਨੇ ਵਿਕਰਮ ਸਿੰਘ ਨੂੰ ਘਰ ਸੱਦਿਆ ਤੇ ਉਸ ਕੋਲ ਇੱਛਾ ਜ਼ਾਹਿਰ ਕੀਤੀ ਕਿ ਉਹ ਪਿੰਡ ਬਿਲਗਾ ਵਿਚਲੀ ਆਪਣੀ ਸਾਰੀ ਜਾਇਦਾਦ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੂੰ ਸੌਂਪ ਦੇਣੀ ਚਾਹੁੰਦਾ ਹੈ। ਜ਼ਮੀਨ ਵਿਚ ਮਕਾਨ ਵੀ ਸਨ।

ਵਿਦਿਆਰਥੀ ਆਗੂ ਪੁਲਸ ਦੀ ਗੋਲੀ ਨਾਲ ਸ਼ਹੀਦ ਹੋ ਗਿਆ ਸੀ। ਵਿਦਿਆਰਥੀਆਂ ਉੱਪਰ ਬਣਾਏ ਗਏ ਝੂਠੇ ਮੁਕੱਦਮੇ ਅਤੇ ਦਮਨ ਚੱਕਰ ਨੇ ਪੰਜਾਬ ਦੇ ਮਾਹੌਲ ਨੂੰ ਅਸ਼ਾਂਤ ਬਣਾ ਦਿੱਤਾ ਸੀ। ਇਸ ਮਾਹੌਲ ਦਾ ਅਸਰ ਬਾਬਾ ਅਮਰ ਸਿੰਘ ਸੰਧਵਾਂ ਤੇ ਬਾਬਾ ਗੁਰਮੁਖ ਸਿੰਘ ਤੇ ਵੀ ਹੋਇਆ ਅਤੇ ਉਹ ਸਰਕਾਰੀ ਦਮਨ ਵਿਰੁੱਧ ਵਿਦਿਆਰਥੀਆਂ ਦੀ ਹਮਾਇਤ ਵਿਚ ਅੱਗੇ ਆਏ। ਵਿਦਿਆਰਥੀਆਂ ਦੇ ਮਸਲਿਆਂ ਦੀ ਹਿਮਾਇਤ ਵਿਚ ਉਨ੍ਹਾਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੀਟਿੰਗ ਬੁਲਾਈ ਜਿਸ ਵਿਚ ਡੀਫੈਂਸ ਕਮੇਟੀ ਦਾ ਗਠਨ ਕੀਤਾ ਗਿਆ। ਡੀਫੈਂਸ ਕਮੇਟੀ ਦੇ ਪ੍ਰਧਾਨ ਖੁਦ ਬਾਬਾ ਅਮਰ ਸਿੰਘ ਸੰਧਵਾਂ, ਮੀਤ ਪ੍ਰਧਾਨ ਸੁਆਮੀ ਪੂਰਨਾ ਨੰਦ, ਸਕੱਤਰ ਕਾ. ਉਜਾਗਰ ਸਿੰਘ ਸਰਾਭਾ, ਬਾਕੀ ਮੈਂਬਰ ਕਾ. ਹਜਾਰਾ ਸਿੰਘ ਹਮਦਮ, ਕਾ. ਮਹਿੰਗਾ ਸਿੰਘ ਖਾਨਖਾਨਾ, ਬਾਬਾ ਦਸੌਂਧਾ ਸਿੰਘ, ਬੀਬੀ ਤੇਜਬੰਤੀ ਧੀਰ* ਅਤੇ ਇਸ਼ਿਆ ਦੇਵੀ ਸਨ।[98]

ਇਸ ਸਮੇਂ ਕਾਮਰੇਡ ਬੂਝਾ ਸਿੰਘ ਚੱਕਮਾਈਦਾਸ ਨੂੰ ਪੁਲਸ ਨੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ। ਬਾਬਾ ਅਮਰ ਸਿੰਘ ਤੇ ਬਾਬਾ ਗੁਰਮੁਖ ਸਿੰਘ ਲਲਤੋਂ, ਕਾ. ਬਾਬਾ ਬੂਝਾ ਸਿੰਘ ਦੀ ਸ਼ਹਾਦਤ ਤੋਂ ਬੇਚੈਨ ਹੋ ਗਏ ਸਨ। ਇਸ ਸਬੰਧੀ ਉਨ੍ਹਾਂ ਵੱਲੋਂ 9 ਅਗਸਤ 1970 ਨੂੰ ਡੀਫੈਂਸ ਕਮੇਟੀ ਦੀ ਮੀਟਿੰਗ ਬੁਲਾਈ ਗਈ। ਬਾਬਾ ਅਮਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਗਹਿਰਾ ਰੋਸ ਪ੍ਰਗਟ ਕਰਦਿਆਂ ਇਕ ਮਤੇ ਰਾਹੀਂ ਪਾਸ ਕੀਤਾ ਗਿਆ ਕਿ ਕਾ. ਬੂਝਾ ਸਿੰਘ ਦੀ 'ਪੁਲਿਸ ਮੁਕਾਬਲੇ' ਦੀ ਝੂਠੀ ਕਹਾਣੀ ਦੀ ਜਾਂਚ ਹਾਈਕੋਰਟ ਦੇ ਜੱਜ ਤੋਂ ਕਰਵਾਈ ਜਾਏ।[99]

ਬਾਬਾ ਭਗਤ ਸਿੰਘ ਬਿਲਗਾ ਉਸ ਸਮੇਂ ਕਮੇਟੀ ਦੇ ਐਗਜੈਕਟਿਵ ਮੈਂਬਰ ਸਨ। ਉਸਦੇ ਨਾਲ ਕਾ. ਕੇਵਲ ਕੌਰ ਤੇ ਕੁਝ ਹੋਰਨਾਂ ਨੂੰ ਇਨਟਰਨਲ ਸਕਿਊਰਟੀ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਡੀਫੈਂਸ ਕਮੇਟੀ ਵੱਲੋਂ ਇਸ ਵਿਰੁੱਧ ਲੋਕਰਾਏ ਲਾਮਬੰਦ ਕਰਨ ਲਈ ਇਕ ਇਸ਼ਤਿਹਾਰ ਕੱਢਣ ਤੋਂ ਇਲਾਵਾ ਡੀਫੈਂਸ ਕਮੇਟੀ ਲਈ ਉਕਤ ਮਸਲਿਆਂ ਨੂੰ ਨਜਿੱਠਣ ਲਈ ਫੰਡਾਂ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਤਾਂ ਕਿ ਉਹ ਆਪਣੇ ਬੈਂਕ ਖਾਤੇ ਵਿਚੋਂ ਲੋੜ ਪੈਣ 'ਤੇ ਮਰਜੀ ਨਾਲ ਖ਼ਰਚ ਕਰ ਸਕੇ। ਇਸ ਤਰ੍ਹਾਂ ਸਾਰੀਆਂ ਲੋਕ ਲਹਿਰਾਂ ਜਾਂ ਉਨ੍ਹਾਂ ਉੱਪਰ ਸਰਕਾਰੀ ਦਮਨ ਵਿਰੁੱਧ ਬਾਬਾ ਅਮਰ ਸਿੰਘ ਡਟ ਕੇ ਪਹਿਰਾ ਦਿੰਦੇ ਸਨ। ਅਜਿਹੇ ਹੋਰ ਮਸਲਿਆਂ ਨਾਲ ਸਬੰਧਤ ਖ਼ਰਚੇ ਬਾਬਾ ਜੀ ਆਪਣੇ ਕੋਲੋਂ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ।

## ਦੇਸ਼ ਭਗਤ ਯਾਦਗਾਰ ਨੂੰ ਖੁਦਗਰਜ਼ ਨਜ਼ਰਾਂ ਤੋਂ ਬਚਾਉਣਾ

ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਬਾਬਾ ਗੁਰਮੁਖ ਸਿੰਘ ਸਕੱਤਰ ਅਤੇ ਬਾਬਾ ਅਮਰ ਸਿੰਘ ਸੰਧਵਾਂ ਦੇ ਖਜਾਨਚੀ ਕਾਲ ਵਿਚ ਦੇਸ਼ ਭਗਤ ਯਾਦਗਾਰ ਹਾਲ ਦੀ ਪਹਿਲੀ ਮੰਜ਼ਿਲ ਦੀ ਛੱਤ ਪੈ ਚੁੱਕੀ ਸੀ। ਉਮਰ ਅਤੇ ਸਰੀਰਕ ਕਮਜੋਰੀ ਦੇ ਕਾਰਨ ਬਾਬਾ ਗੁਰਮੁਖ ਸਿੰਘ ਜ਼ੁੰਮੇਵਾਰੀ ਨਿਭਾ ਨਹੀਂ ਸਕਦੇ ਸਨ। ਉੱਪਰਲੀ ਮੰਜ਼ਿਲ ਦੀ

ਉਸਾਰੀ ਲਈ ਕਮੇਟੀ ਪਾਸ ਪੈਸੇ ਨਹੀਂ ਸਨ। ਮੀਟਿੰਗ ਸਮੇਂ ਇਸ ਸਬੰਧੀ ਕਈ ਸੁਝਾਅ ਪੇਸ਼ ਹੁੰਦੇ। ਟਰੱਸਟ ਦੇ ਕੁਝ ਮੈਂਬਰਾਂ ਨੇ ਤਜ਼ਵੀਜ ਰੱਖੀ ਕਿ ਦੇਸ਼ ਭਗਤ ਯਾਦਗਾਰ ਦੀ ਜਾਇਦਾਦ ਨੂੰ ਬੈਂਕ ਕੋਲ ਗਿਰਵੀ ਰੱਖ ਦਿੱਤਾ ਜਾਏ ਤੇ ਉਸ ਪੈਸੇ ਨਾਲ ਦੂਜੀ ਮੰਜ਼ਿਲ ਦੀ ਉਸਾਰੀ ਕਰ ਲਈ ਜਾਏ। ਇਸ ਸੁਝਾਅ ਨਾਲ ਕਮੇਟੀ ਦੇ ਪ੍ਰਧਾਨ ਬਾਬਾ ਅਮਰ ਸਿੰਘ ਸੰਧਵਾਂ ਦੀ ਜ਼ਮੀਰ ਝੰਜੋੜੀ ਗਈ। ਉਨ੍ਹਾਂ ਅਜਿਹੀਆਂ ਦਲੀਲਾਂ ਨੂੰ ਇੱਥੇ ਹੀ ਠੱਪ ਕਰਨ ਦੀ ਠਾਣ ਲਈ ਸੀ।

ਇਸੇ ਸੰਦਰਭ ਵਿਚ ਹੀ ਕਾਮਰੇਡ ਜਗੀਰ ਸਿੰਘ ਜੋਗਾ ਨੇ ਸਰਕਾਰ ਤੋਂ ਮਾਲੀ ਸਹਾਇਤਾ ਲੈਣ ਲਈ ਗਿਆਨੀ ਜ਼ੈਲ ਸਿੰਘ ਨਾਲ ਗੱਲਬਾਤ ਕੀਤੀ। ਗਿ. ਜ਼ੈਲ ਸਿੰਘ ਉਸ ਵੇਲੇ ਕਾਂਗਰਸ ਦੀ ਸੂਬਾ ਕਮੇਟੀ ਦਾ ਪ੍ਰਧਾਨ ਸੀ। ਗਿਆਨੀ ਜ਼ੈਲ ਸਿੰਘ, ਕਾ. ਜਗੀਰ ਸਿੰਘ ਜੋਗਾ ਨੂੰ ਹਾਂ ਕਰ ਬੈਠਾ ਸੀ ਕਿ ਕਮੇਟੀ ਸਰਕਾਰ ਨੂੰ ਲਿਖ ਕੇ ਦੇਵੇ ਤਾਂ ਉਹ ਪੰਜਾਬ ਸਰਕਾਰ ਤੋਂ ਮਾਲੀ ਇਮਦਾਦ ਦੁਆ ਦੇਵੇਗਾ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਾ. ਜਗੀਰ ਸਿੰਘ ਜੋਗਾ, ਕਾ. ਜਗਜੀਤ ਸਿੰਘ ਅਨੰਦ, ਪੰਡਿਤ ਕਿਸ਼ੋਰੀ ਲਾਲ ਅਤੇ ਸ. ਕਰਮ ਸਿੰਘ ਕਿਰਤੀ ਦੇ ਅਧਾਰਤ ਕਮੇਟੀ ਬਣਾ ਦਿੱਤੀ। ਇਹ ਕਮੇਟੀ ਲਿਖਤੀ ਚਿੱਠੀ ਲੈ ਕੇ ਗਿਆਨੀ ਜ਼ੈਲ ਸਿੰਘ ਨੂੰ ਮਿਲੀ। ਦੋ ਹਫ਼ਤਿਆਂ ਬਾਅਦ ਪੰਜਾਬ ਸਰਕਾਰ ਨੇ ਕਮੇਟੀ ਨੂੰ ਸ਼ਰਤਾਂ ਵਾਲੀ ਚਿੱਠੀ ਭੇਜ ਦਿੱਤੀ। ਸ਼ਰਤਾਂ ਸਨ:

(ੳ) **ਦਰਖਾਸਤ ਤੇ ਅਮਲ ਕਰਨ ਤੋਂ ਪਹਿਲਾਂ ਕਮੇਟੀ ਸਰਕਾਰ ਵੱਲੋਂ ਨਿਯੁਕਤ ਕੀਤੇ ਬੰਦਿਆਂ ਨੂੰ ਟਰੱਸਟ ਵਿਚ ਸ਼ਾਮਲ ਕਰੇ।**

(ਅ) **ਸਰਕਾਰ ਵੱਲੋਂ ਦਿੱਤਾ ਪੈਸਾ ਸਰਕਾਰ ਦੇ ਭੇਜੇ ਮਾਹਰਾਂ ਦੇ ਰਾਹੀਂ ਖ਼ਰਚ ਕੀਤਾ ਜਾਵੇਗਾ।**[100]

ਪੰਜਾਬ ਸਰਕਾਰ ਵੱਲੋਂ ਭੇਜੇ ਇਸ ਜਵਾਬ 'ਤੇ ਉਚੇਚੀ ਮੀਟਿੰਗ ਸੱਦੀ ਗਈ। ਮੀਟਿੰਗ ਵਿਚ ਬਾਬਾ ਭਗਤ ਸਿੰਘ ਬਿਲਗਾ ਦੀ ਡਿਊਟੀ ਲਾਈ ਗਈ ਕਿ ਉਹ ਸਰਕਾਰ ਦੀ ਇਸ ਚਿੱਠੀ ਦਾ ਜੁਆਬ ਤਿਆਰ ਕਰਕੇ ਭੇਜੇ। ਜਲਦੀ ਹੀ ਬਾਬਾ ਬਿਲਗਾ ਨੇ ਸਰਕਾਰ ਨੂੰ ਜੁਆਬ ਦੇਣ ਲਈ ਚਿੱਠੀ ਤਿਆਰ ਕੀਤੀ, ਜਿਸ ਵਿਚ ਲਿਖਿਆ, "ਦੇਸ਼ ਭਗਤ ਯਾਦਗਾਰ ਟਰੱਸਟ ਕਿਸੇ ਨੂੰ ਮਾਲੀ ਸਹਾਇਤਾ ਦੇ ਬਦਲੇ ਮੈਂਬਰ ਨਹੀਂ ਲੈਂਦਾ। ਕਮੇਟੀ ਨੂੰ ਇਹ ਸ਼ਰਤ ਨਾ-ਮਨਜ਼ੂਰ ਹੈ। ਉਂਜ ਜੇ ਬਿਨਾ ਕਿਸੇ ਸ਼ਰਤ ਦੇ ਸਹਾਇਤਾ ਦੇਣੀ ਚਾਹੁੰਦੇ ਹੋ ਤਾਂ ਅਸੀਂ ਧੰਨਵਾਦ ਸਹਿਤ ਕਬੂਲ ਕਰਾਂਗੇ।"[101] ਇਸ ਤਰ੍ਹਾਂ ਕਮੇਟੀ ਹਾਕਮਾਂ ਦੇ ਛਲ ਤੋਂ ਵੀ ਬਚ ਗਈ ਜਿਹੜਾ ਦੇਸ਼ ਭਗਤ ਯਾਦਗਾਰ ਦੀ ਖਾਲੀ ਦਿਸਦੀ ਜ਼ਮੀਨ ਕਰਕੇ ਹਾਕਮਾ ਵਿਚ ਪੈਦਾ ਹੋ ਗਿਆ ਸੀ। ਇਸ ਤਰ੍ਹਾਂ ਨਾਲ ਇਹ ਦੋ ਖ਼ਤਰੇ ਬਾਬਾ ਅਮਰ ਸਿੰਘ ਸੰਧਵਾਂ ਦੇ ਪ੍ਰਧਾਨਗੀ ਕਾਲ ਵਿੱਚ ਉੱਠੇ। ਪਹਿਲਾ ਡਾ. ਵਿਕਰਮ ਸਿੰਘ ਸ਼ੰਕਰ ਵਾਲੇ ਵੱਲੋਂ ਕੀਤਾ ਵਿਸ਼ਵਾਸ਼ਘਾਤ ਤੇ ਫਿਰ ਅਜਿਹੇ ਸੁਝਾਅ ਨੇ ਬਾਬਾ ਸੰਧਵਾਂ ਨੂੰ ਬੇਚੈਨ ਕਰ ਦਿੱਤਾ। ਉਹ ਇਸ ਯਾਦਗਾਰ ਨੂੰ ਅਜਿਹੇ ਢੰਗਾਂ ਨਾਲ ਉਸਾਰਨ ਦੇ ਵਿਰੁੱਧ ਸਖ਼ਤ ਹੋ ਗਏ। ਪ੍ਰਧਾਨ ਦੀ ਹੈਸੀਅਤ ਵਿਚ, ਉਨ੍ਹਾਂ

ਵੱਡੇ-ਵੱਡੇ ਮਕਾਨਾਂ ਦਾ ਵਿਸ਼ਾਲ ਕੰਪਲੈਕਸ ਸੀ ਤੇ ਇਸ ਕੰਪਲੈਕਸ ਲਈ ਇਕ ਵੱਡਾ ਡਾਟ ਦਾ ਬਣਿਆ ਪ੍ਰਵੇਸ਼ ਦੁਆਰ, ਜਿਸ ਰਾਹੀਂ ਵੱਡੇ ਤੋਂ ਵੱਡਾ ਵਾਹਨ ਆਸਾਨੀ ਨਾਲ ਲੰਘ ਸਕਦਾ ਸੀ। ਅੱਗੇ ਖੁੱਲ੍ਹੇ ਅਹਾਤੇ ਤੋਂ ਚਾਰੇ ਪਾਸਿਆਂ ਨੂੰ ਖੁੱਲ੍ਹੇ ਰਸਤੇ ਇਕੱਲੇ-ਇਕੱਲੇ ਘਰ ਨੂੰ ਜਾਂਦੇ ਸਨ। ਮੁੱਖ ਦੁਆਰ ਦੇ ਸੱਜੇ ਪਾਸੇ ਬੈਠਕ ਵਿਚ ਬਾਬਾ ਜੀ ਬੈਠਦੇ ਜਿਹੜੀ ਇਕ ਦੀਵਾਨ-ਖਾਨੇ ਵਾਂਗ ਸੀ। ਇਸ ਵੱਡੇ ਪਰਿਵਾਰ ਵਿਚ ਕੋਈ ਨਾ ਕੋਈ ਰਿਸ਼ਤੇਦਾਰ ਸਿਆਸੀ ਕਾਰਕੁੰਨ ਅਤੇ ਹੋਰ ਕਈਆਂ ਦਾ ਆਉਣਾ ਜਾਣਾ ਰਹਿੰਦਾ ਸੀ। ਬਾਬਾ ਜੀ ਦੇ ਹੁੰਦਿਆਂ ਕਿਸੇ ਦੀ ਇਹ ਮਜਾਲ ਨਹੀਂ ਸੀ ਕਿ ਉਹ ਬਾਬਾ ਜੀ ਨੂੰ ਮਿਲੇ ਬਗੈਰ ਅੱਗੇ ਲੰਘ ਜਾਏ। ਉਂਝ ਵੀ ਹਰ ਕੋਈ ਰਿਸ਼ਤੇਦਾਰ ਅੱਗੇ ਜਾਣ ਤੋਂ ਪਹਿਲਾਂ ਬਾਬਾ ਜੀ ਨੂੰ ਮਿਲਣਾ ਆਪਣਾ ਸੁਭਾਗ ਸਮਝਦਾ ਸੀ। ਬਾਬਾ ਜੀ ਦੀ ਇਹ ਵਡੱਤਣ ਅਤੇ ਉਨ੍ਹਾਂ ਦਾ ਤੇਜ਼ ਸੀ। ਆਪਣੇ ਤੋਂ ਛੋਟਿਆਂ ਲਈ ਉਹ ਫਰਾਖ਼ਦਿਲ ਸਨ, ਜਿਨ੍ਹਾਂ ਨਾਲ ਗੱਲਬਾਤ ਕਰਦਿਆਂ ਵਡੱਤਣ ਤੇ ਮੁਹੱਬਤੀ ਅੰਦਾਜ਼ ਲਈ ਉਨ੍ਹਾਂ ਦਾ ਤਕੀਆ ਕਲਾਮ ਬੜਾ ਮਸ਼ਹੂਰ ਸੀ: "ਉਏ! ਮੈਂ ਤੇਰੇ ਘੁਮੰਡ ਕੱਢ ਦਊਂ!" ਜਿਹੜਾ ਆਪਣੇ ਤੋਂ ਛੋਟਿਆਂ ਲਈ ਅਕਸਰ ਵਰਤਦੇ।[105]

## ਬਾਬਾ ਜੀ ਦੀ ਸੁਪਤਨੀ ਬੀਬੀ ਬਸੰਤ ਕੌਰ :



ਬਾਬਾ ਅਮਰ ਸਿੰਘ ਦਾ ਵਿਆਹ ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੱਖੋਵਾਲ ਦੀ ਬੀਬੀ ਬਸੰਤ ਕੌਰ ਨਾਲ ਹੋਇਆ ਸੀ। ਪਰੰਤੂ ਵਿਆਹ ਦੀ ਮਿਤੀ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਸ਼ਾਂਤ ਸੁਭਾਅ ਵਾਲੀ ਬੀਬੀ ਬਸੰਤ ਕੌਰ ਨੇ ਆਪਣੇ 85 ਸਾਲਾਂ ਦੇ ਜੀਵਨ ਵਿਚ ਅਜਿਹਾ ਕੋਈ ਮੌਕਾ ਨਹੀ ਪੈਦਾ ਹੋਣ ਦਿੱਤੀ, ਜਿਸ ਨਾਲ ਬਾਬਾ ਜੀ ਦੀ ਸ਼ਖਸੀਅਤ ਅਤੇ ਮਹਾਂਦਾਨੀ ਕਿਰਦਾਰ ਨੂੰ ਠੇਸ ਲੱਗੀ ਹੋਵੇ। ਸਮੇਂ ਸਮੇਂ ਚਲੀਆਂ ਇਨਕਲਾਬੀ ਲਹਿਰਾਂ ਸਮੇਂ ਉਸ ਨੇ ਘਰ ਆਏ ਲੋੜਵੰਦ ਇਨਕਲਾਬੀਆਂ ਨੂੰ ਸੰਭਾਲਿਆ ਅਤੇ ਲੋੜੀਂਦੀ ਸਹਾਇਤਾ ਕਰਨ ਵਿਚ ਬਾਬਾ ਅਮਰ ਸਿੰਘ ਸੰਧਵਾਂ ਨਾਲ ਹਮੇਸ਼ਾਂ ਹੱਥ ਵਟਾਇਆ ਅਤੇ ਮੁਸ਼ਕਲ ਆਉਣ 'ਤੇ ਉਨ੍ਹਾਂ ਦੀ ਪਿੱਠ 'ਤੇ ਹੋ ਕੇ ਉਨ੍ਹਾਂ ਨੂੰ ਸਹਿਯੋਗ ਦਿੰਦੇ ਰਹੇ। ਬੀਬੀ ਬਸੰਤ ਕੌਰ ਦੀ ਆਪਣੀ ਕੋਈ ਔਲਾਦ ਨਹੀਂ ਸੀ ਲੇਕਿਨ ਆਪਣੇ ਸ਼ਰੀਕੇ, ਘਰ ਆਏ ਕਮਿਊਨਿਸਟ ਤੇ ਕਾਰਕੁੰਨਾਂ ਨੂੰ ਆਪਣੇ ਪ੍ਰੀਵਾਰਕ ਮੈਂਬਰ ਸਮਝਦੇ, ਉਨ੍ਹਾਂ ਦੀ ਸੇਵਾ

ਅਜ਼ਾਦੀ ਪਿੱਛੋਂ ਕਾਂਗਰਸ ਹਕੂਮਤ ਦੇ ਵਿਰੁੱਧ ਚੱਲੀਆਂ ਲੋਕ ਲਹਿਰਾਂ ਸਮੇਂ ਰੂਪੋਸ਼ ਤੇ ਫਰਾਰ ਹੋਏ ਇਨਕਲਾਬੀ ਤੇ ਲੋਕ ਆਗੂਆਂ ਨੂੰ ਬਾਬਾ ਜੀ ਘਰ ਵਿਚ ਪਨਾਹ ਦਿੰਦੇ ਅਤੇ ਗੰਭੀਰ ਖ਼ਤਰਾ ਪੇਸ਼ ਆਉਣ ਤੇ ਉਹ ਉਨ੍ਹਾਂ ਨੂੰ ਇਸੇ ਭੋਰੇ ਵਿਚ ਛੁਪਾ ਦਿੰਦੇ, ਜਿਸ ਬਾਰੇ ਆਮ ਕਿਸੇ ਨੂੰ ਪਤਾ ਨਹੀਂ ਸੀ ਹੁੰਦਾ। ਇਹ ਭੋਰਾ ਅੱਜ ਵੀ ਕਾਇਮ ਹੈ, ਜਿਸ ਨੇ ਅਨੇਕਾਂ ਦੇਸ਼ ਭਗਤਾਂ ਨੂੰ ਤੇ ਆਗੂਆਂ ਨੂੰ ਪੁਲਿਸ ਦੇ ਹਮਲਿਆਂ ਤੋਂ ਬਚਾਇਆ ਸੀ। ਪਰੰਤੂ ਹੁਣ ਇਨ੍ਹਾਂ ਦੀ ਸੰਭਾਲ ਕਰਨ ਵਾਲਾ ਕੋਈ ਨਹੀਂ ਹੈ। ਕਿਉਂਕਿ ਇਨਕਲਾਬੀ ਇਤਿਹਾਸ ਦੀਆਂ ਬਹੁਤ ਸਾਰੀਆਂ ਘਟਨਾਵਾਂ ਇਸ ਭੋਰੇ ਨਾਲ ਜੁੜੀਆਂ ਹੋਈਆਂ ਹਨ ਇਸ ਕਰਕੇ ਇਸ ਨੂੰ ਇਤਿਹਾਸਕ ਯਾਦਗਾਰ ਵਜੋਂ ਸੰਭਾਲ ਕੇ ਰੱਖਿਆ ਜਾਣਾ ਚਾਹੀਦਾ ਹੈ।

ਬਾਬਾ ਅਮਰ ਸਿੰਘ ਸੰਧਵਾਂ ਯਾਦਗਾਰ ਵਾਲੀ ਕੋਠੀ ਵਿਚ ਰਹਿੰਦੇ ਸਨ। ਨਿੱਤ ਆਏ ਗਏ ਦੇਸ਼ ਭਗਤ ਸਾਥੀਆਂ ਤੇ ਲੋਕ ਸੇਵਕਾਂ ਨੂੰ ਮਿਲ ਕੇ ਉਹ ਸੰਤੁਸ਼ਟ ਰਹਿੰਦੇ ਸਨ। ਵਡੇਰੀ ਉਮਰ ਕਰਕੇ ਉਹ ਕਈ ਵਾਰੀ ਢਿੱਲੇ-ਮੱਠੇ ਹੋ ਜਾਂਦੇ। ਉਨ੍ਹਾਂ ਦੀ ਦੇਖ ਭਾਲ ਲਈ, ਜਲੰਧਰ ਸ਼ਹਿਰ ਦੇ ਮੁਹੱਲਾ ਸੰਤੋਖਪੁਰਾ ਦੀ ਰਹਿਣ ਵਾਲੀ ਬੀਬੀ ਲਾਭ ਕੌਰ ਨਿਯਕੁਤ ਕੀਤੀ ਗਈ ਸੀ। ਬੀਬੀ ਲਾਭ ਕੌਰ ਨੇ ਜਿਸ ਸੇਵਾ ਭਾਵਨਾ ਨਾਲ ਉਨ੍ਹਾਂ ਦੀ ਦੇਖਭਾਲ ਕੀਤੀ, ਉਸ ਦੀ ਮਿਸਾਲ ਮਿਲਣੀ ਔਖੀ ਹੈ। ਕਾ. ਰਘਬੀਰ ਸਿੰਘ ਛੀਨਾ ਜਿਹੜੇ ਉਸ ਸਮੇਂ ਉਨ੍ਹਾਂ ਦੇ ਕੋਲ ਉਸ ਕੋਠੀ ਵਿਚ ਰਹਿੰਦੇ ਹੁੰਦੇ ਸਨ ਦੇ ਅਨੁਸਾਰ:

> **ਬੀਬੀ ਲਾਭ ਕੌਰ ਇਕ ਸੇਵਾ ਭਾਵਨਾ ਦੀ ਸਾਕਾਰ ਮੂਰਤ ਸੀ। ਕੋਈ ਵੀ ਔਰਤ ਹੋਵੇ, ਜਾਂ ਲੜਕੀ, ਪਤਨੀ ਜਾਂ ਕੋਈ ਪੇਡ-ਵਰਕਰ, ਇਸ ਤਰ੍ਹਾਂ ਸੇਵਾ ਨਹੀਂ ਕਰ ਸਕਦੀ, ਜਿਸ ਤਰ੍ਹਾਂ ਬੀਬੀ ਲਾਭ ਕੌਰ ਨੇ ਬਾਬਾ ਅਮਰ ਸਿੰਘ ਦੀ ਸੇਵਾ ਕੀਤੀ। ਦੇਸ਼ ਭਗਤ ਯਾਦਗਾਰ ਹਾਲ ਦੀ ਰਸੋਈ ਵਿਚੋਂ ਲੰਗਰ ਲੈ ਕੇ ਜਾਣਾ, ਬਾਬਾ ਜੀ ਨੂੰ ਖੁਆਉਣਾ। ਉਹ ਉਨ੍ਹਾਂ ਦੇ ਕੱਪੜੇ ਧੋਂਦੀ ਜਿਹੜੇ ਕਈ ਵਾਰ ਗੰਦਗੀ ਨਾਲ ਲਿਬੜੇ ਹੋਏ ਹੁੰਦੇ ਸਨ। ਉਸ ਨੂੰ ਕਦੇ ਕੋਈ ਕਾਣਤ ਨਾ ਹੁੰਦੀ।''**[108]

14-8-74 ਨੂੰ ਕਮੇਟੀ ਦੀ ਮੀਟਿੰਗ ਬਾਬਾ ਅਮਰ ਸਿੰਘ ਸੰਧਵਾਂ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਛੇ ਮੈਂਬਰ ਬਾਬਾ ਮੰਗਲ ਸਿੰਘ ਅਲੀਪੁਰ ਬਾਬਾ ਹਜਾਰਾ ਸਿੰਘ ਦਦੇਹਰ, ਬਾਬਾ ਹਰਨਾਮ ਸਿੰਘ ਕਾਲਾ ਸੰਘਾ, ਗਿਆਨੀ ਹਰਭਜਨ ਸਿੰਘ ਚਮਿਡਾ, ਸ. ਦਰਬਾਰਾ ਸਿੰਘ ਢਿੱਲੋਂ ਤੇ ਬਾਬਾ ਭੋਲਾ ਸਿੰਘ ਚੀਮਾ ਹਾਜ਼ਰ ਸਨ। ਇਹ ਮੀਟਿੰਗ ਬਾਬਾ ਸੰਧਵਾਂ ਜੀ ਦੇ ਜੀਵਨ ਦੀ ਆਖ਼ਰੀ ਮੀਟਿੰਗ ਸੀ।

ਇਕ ਦਿਨ ਦੇਸ਼ ਭਗਤ ਹਾਲ ਤੋਂ ਬਾਬਾ ਜੀ ਆਮ ਵਾਂਗ ਪਿੰਡ ਨੂੰ ਗਏ ਜਿੱਥੇ ਉਹ ਬੀਮਾਰ ਹੋ ਗਏ। ਪਿੰਡ ਦੇ ਵੈਦ ਤੋਂ ਉਨ੍ਹਾਂ ਦਾ ਦੁਆ-ਦਾਰੂ ਕਰਾਇਆ ਲੇਕਿਨ ਹਾਲਤ ਸੁਧਰਨ ਦੀ ਬਜਾਏ ਮਾੜੀ ਹੁੰਦੀ ਗਈ। ਆਖਿਰ ਉਨ੍ਹਾਂ ਨੂੰ ਫਗਵਾੜੇ ਦੇ ਡਾਕਟਰ ਮਲਹੋਤਰਾ ਦੇ ਹਸਪਤਾਲ ਲਿਜਾਇਆ ਗਿਆ। ਉਸ ਸਮੇਂ ਉਨ੍ਹਾਂ ਦੀ ਦੇਖਭਾਲ

ਜੇ ਬਾਬਾ ਅਮਰ ਸਿੰਘ ਸੰਧਵਾਂ ਵਰਗੇ ਗ਼ਦਰੀ ਮਹਾਂਦਾਨੀ ਅੱਜ ਵਾਲੀ ਯਾਦਗਾਰ ਨੂੰ ਸਾਕਾਰ ਰੂਪ ਦੇਣ ਲਈ ਆਪਣੀਆਂ ਸੁੱਚੀਆਂ ਕਮਾਈਆਂ ਦੇ ਮੂੰਹ ਨਾਲ ਖੋਲ੍ਹ ਦਿੰਦੇ ਤਾਂ ਪਤਾ ਨਹੀਂ ਕਿਹੜੀਆਂ ਡੂੰਘੀਆਂ ਕਬਰਾਂ ਵਿਚ ਦਫ਼ਨਾ ਦਿੱਤਾ ਜਾਂਦਾ ਗ਼ਦਰ ਲਹਿਰ ਦੇ ਅਣਮੋਲ ਇਤਿਹਾਸ ਦੇ ਸੁਨਹਿਰੀ ਪੱਤਰਿਆਂ ਨੂੰ।

## ਬਾਬਾ ਜੀ ਦੇ ਸੰਗੀ-ਸਾਥੀ

### ਭਾਈ ਪੂਰਨ ਸਿੰਘ ਸੰਧਵਾਂ:

ਬਾਬਾ ਜੀ ਦੇ ਛੋਟੇ ਭਰਾ ਸਨ। ਉਹ ਪਨਾਮਾ ਵਿੱਚ ਬਾਬਾ ਜੀ ਨਾਲ ਹੀ ਕਾਰੋਬਾਰ ਵਿੱਚ ਭਾਈਵਾਲ ਸਨ। ਉਸਨੇ ਪਨਾਮਾ ਦੀ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਵਿੱਚ ਨਿਰੰਤਰ ਹਿੱਸਾ ਲੈਂਦਿਆਂ ਬਾਬਾ ਅਮਰ ਸਿੰਘ ਵੱਲੋਂ ਸੌਂਪੀਆਂ ਜ਼ੁੰਮੇਵਾਰੀਆਂ ਨੂੰ ਨਿਭਾਉਂਦੇ ਰਹੇ।

### ਭਾਈ ਅਮਰ ਸਿੰਘ ਮਾਨ:

ਭਾਈ ਅਮਰ ਸਿੰਘ ਮਾਨ ਪਨਾਮਾ ਦੀ ਮਹੱਤਵਪੂਰਨ ਸਖਸ਼ੀਅਤ ਭਾਈ ਅਮਰ ਸਿੰਘ ਮਾਨ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਚੌਂਕੀਮਾਨ ਦੇ ਜੰਮਪਲ ਸਨ। 18 ਸਾਲ ਦੀ ਉਮਰ ਵਿਚ ਉਹ ਸੰਘਾਈ ਹੁੰਦੇ ਹੋਏ ਸਾਨਫਰਾਸਿਸਕੋ ਪੁੱਜੇ। ਅਕਤੂਬਰ 1924 ਨੂੰ ਉਨ੍ਹਾਂ ਦਾ ਮੇਲ ਭਾਈ ਭਗਵਾਨ ਸਿੰਘ ਨਾਲ ਹੋਇਆ ਤੇ ਗ਼ਦਰ ਪਾਰਟੀ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਗ਼ਦਰ ਗੂੰਜ਼ ਦੀਆਂ ਕਾਪੀਆਂ ਪ੍ਰਾਪਤ ਕੀਤੀਆਂ। ਉਥੋਂ ਉਹ ਕਿਊਬਾ ਹੁੰਦੇ ਹੋਏ ਪਨਾਮਾ ਪੁੱਜੇ। ਉਹ ਭਾਈ ਦੂੱਲਾ ਸਿੰਘ ਜਲਾਲਦੀਵਾਲ ਦੇ ਰਾਹੀਂ ਪਨਾਮਾ ਦੀ ਗ਼ਦਰ ਪਾਰਟੀ ਦੇ ਮੈਂਬਰ ਬਣੇ। ਪਾਰਟੀ ਦੀਆਂ ਮੀਟਿੰਗਾਂ ਆਮ ਕਰਕੇ ਭਾਈ ਰਲਾ ਸਿੰਘ ਊਦੋਵਾਲ ਅਤੇ ਬਾਬਾ ਅਮਰ ਸਿੰਘ ਸੰਧਵਾਂ ਦੇ ਘਰੇ ਹੁੰਦੀਆਂ ਸਨ। 1931 ਵਿੱਚ ਕਾਮਰੇਡ ਤੇਜਾ ਸਿੰਘ ਸੁਤੰਤਰ ਵੱਲੋਂ ਪਨਾਮਾ ਵਿੱਚ ਬਣਾਈ ਗਈ 'ਹਿੰਦੀ ਸਪਲਾਈ ਕੰਪਨੀ' ਦੇ ਉਹ ਮੈਂਬਰ ਸਨ। 1933 ਵਿੱਚ ਉਹ ਗ਼ਦਰ ਪਾਰਟੀ ਵੱਲੋਂ ਰੂਸ ਵਿੱਚ ਸਿੱਖਿਆ ਲਈ ਭੇਜੇ ਗਏ। 1935 ਵਿੱਚ ਉਹ ਪਨਾਮਾ ਵਾਪਸ ਆਏ ਤਾਂ ਪਾਰਟੀ ਦਾ ਕਾਰਜ ਭਾਰ ਸੰਭਾਲਿਆ। ਭਾਈ ਰਤਨ ਸਿੰਘ ਡੱਬਾ ਪਹਿਲਾਂ 1925 ਤੇ ਫਿਰ 1927 ਵਿੱਚ ਆਏ ਤਾਂ ਪਨਾਮਾ ਦੀ ਪਾਰਟੀ ਵਿੱਚ ਨਵੀਂ ਰੂਹ ਭਰੀ ਗਈ ਸੀ। ਦੇਸ਼ ਦੀ ਵੰਡ ਤੋਂ ਬਾਅਦ ਵੀ ਕਾਫੀ ਸਮਾਂ ਪਨਾਮਾ ਵਿੱਚ ਰਹੇ ਤੇ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਨੂੰ ਮਾਲੀ ਸਹਾਇਤਾ ਭੇਜਦੇ ਰਹੇ। 1954-55 ਦੇ ਕਰੀਬ ਉਹ ਹਿੰਦੁਸਤਾਨ ਪਰਤੇ। ਉਨ੍ਹਾਂ ਦਾ ਵਿਆਹ ਬੀਬੀ ਗੁਰਦੇਵ ਕੌਰ ਨਾਲ ਹੋਇਆ। ਉਹ ਪਿੰਡ ਦੇ ਸਰਪੰਚ ਵੀ ਰਹੇ। ਉਹ ਹਮੇਸ਼ਾ ਸਿਰ 'ਤੇ ਟੋਪ ਰੱਖਦੇ ਇਸੇ ਕਰਕੇ ਉਨ੍ਹਾਂ ਨੂੰ ਸਾਰੇ 'ਟੋਪ ਵਾਲਾ' ਕਹਿ ਕੇ ਪੁਕਾਰਦੇ। ਉਹ ਜਿਊਂਦੇ ਜੀਅ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਰਹੇ।

ਅਕਸਰ ਉਸ ਕੋਲ ਠਹਿਰਿਆ ਕਰਦਾ ਸੀ। 1932 ਵਿਚ ਪਨਾਮਾ ਦੀ ਗ਼ਦਰ ਪਾਰਟੀ ਦਾ ਉਸਨੂੰ ਪ੍ਰਧਾਨ ਬਣਾਇਆ ਗਿਆ। 1967 ਵਿਚ ਉਸ ਦਾ ਦਿਹਾਂਤ ਹੋ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ ਦੀ 3 ਜੁਲਾਈ 1967 ਨੂੰ ਜਨਰਲ ਬਾਡੀ ਦੀ ਹੋਈ ਮੀਟਿੰਗ ਵਿਚ ਬਾਬਾ ਅਮਰ ਸਿੰਘ ਸੰਧਵਾਂ ਤੇ ਕਾ. ਤੇਜਾ ਸਿੰਘ ਸੁਤੰਤਰ ਨੇ ਉਸ ਦੀ ਕੁਰਬਾਨੀ ਤੇ ਉਸ ਸਾਥ ਬਿਤਾਏ ਸਮੇਂ ਨੂੰ ਯਾਦ ਕਰਦਿਆਂ ਗਹਿਰਾ ਦੁੱਖ ਪ੍ਰਗਟ ਕੀਤਾ ਸੀ।

## ਭਾਈ ਰਲਾ ਸਿੰਘ:

ਭਾਈ ਰਲਾ ਸਿੰਘ ਪੁੱਤਰ ਖੇਮ ਸਿੰਘ, ਪਿੰਡ ਊਦੋਵਾਲ ਜ਼ਿਲ੍ਹਾ ਜਲੰਧਰ 1902 ਵਿਚ ਅਮਰੀਕਾ ਗਏ ਸਨ। 1916 ਵਿਚ ਜਦੋਂ ਉਹ ਪਨਾਮਾ ਵਿਚ ਸੀ ਤਾਂ ਉਥੋਂ ਦੀ ਜਥੇਬੰਦੀ 'ਈਸਟ ਇੰਡੀਆ ਗ਼ਦਰ ਪ੍ਰੋਪਾਗੰਡਾ ਕਮੇਟੀ' ਦੇ ਉਹ ਮੈਂਬਰ ਸਨ। 1916 ਦੇ ਅਖੀਰ 'ਚ ਤਾਂ ਉਸਨੇ ਭਾਈ ਭਗਵਾਨ ਸਿੰਘ ਜਿਹੜੇ ਉਸ ਵੇਲੇ ਗ਼ਦਰ ਪਾਰਟੀ ਦੇ ਆਗੂ ਸਨ ਨੂੰ ਉਸਨੇ ਫੰਡ ਦਿੱਤਾ ਸੀ।

ਊਦੋਵਾਲ ਦੇ ਸ. ਸੁਖਦੇਵ ਸਿੱਧੂ ਨੇ ਰਲਾ ਸਿੰਘ ਬਾਰੇ ਬਹੁਤ ਚਿਰ ਪਹਿਲਾਂ ਲਿਖਿਆ ਸੀ, "ਪਨਾਮਾ ਵਿੱਚ ਗ਼ਦਰ ਪਾਰਟੀ ਕਰਤਿਆਂ-ਧਰਤਿਆਂ 'ਚੋਂ ਬਾਬਾ ਰਲਾ ਸਿੰਘ ਸਨ। ਨਮੋਸ਼ੀ ਦੀ ਗੱਲ ਹੈ ਕਿ ਬਾਬਾ ਰਲਾ ਸਿੰਘ ਦੇ ਨਗਰ ਵਾਸੀਆਂ ਨੂੰ ਇਹਦੀ ਦੇਣ ਦਾ ਪਤਾ ਨਹੀਂ ਹੈ। ਬਾਬਾ ਰਲਾ ਸਿੰਘ ਊਧੋਵਾਲ, ਤਹਿਸੀਲ ਨਕੋਦਰ ਦਾ ਵਾਸੀ ਸੀ। ਇਹ ਪਿੰਡ ਇਲਾਕੇ ਦੇ ਪੁਰਾਣੇ ਵਲੈਤੀਆਂ ਦੇ ਪਿੰਡ ਵਜੋਂ ਵੀ ਜਾਣਿਆ ਜਾਂਦਾ ਹੈ। ਮੁੱਖ ਤੌਰ 'ਤੇ ਇਹ ਪਿੰਡ ਮਾਨਾਂ ਦਾ ਹੈ ਪਰ ਕੁੱਝ ਪਰਵਾਰ ਬਾਹਰੋਂ ਆ ਕੇ ਵਸੇ ਸਨ।"

ਭਾਈ ਰਲਾ ਸਿੰਘ ਦੀ ਯਾਦ 'ਚ ਕਈ ਸਾਲ ਪਹਿਲਾਂ ਇਹਦੇ ਛੋਟੇ ਭਾਈ ਕਿਸ਼ਨ ਸਿੰਘ ਨੇ ਪਿੰਡ ਦੇ ਪ੍ਰਾਇਮਰੀ ਸਕੂਲ ਦਾ ਛੋਟਾ ਜਿਹਾ ਕਮਰਾ ਬਣਾਇਆ ਸੀ। ਇਹ ਕਮਰਾ ਕਿਸ਼ਨ ਸਿੰਘ ਖਹਿਰਾ ਨੇ ਆਪਣੇ ਭਰਾ ਰਲਾ ਸਿੰਘ ਦੀ ਯਾਦ ਵਿਚ ਬਣਾਇਆ ਹੈ। ਇਹਦੇ ਪਿਛੋਕੜ ਬਾਰੇ ਏਦੂੰ ਵਧੇਰੇ ਜਾਣਕਾਰੀ ਨਹੀਂ ਮਿਲਦੀ। ਇਹਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਬਾਬਾ ਰਲਾ ਸਿੰਘ ਛੜਾ ਹੀ ਰਿਹਾ ਸੀ। ਪਨਾਮਾ ਵਿੱਚ ਇਸ ਨੇ ਦੁਕਾਨਾਂ ਵੀ ਖੋਲ੍ਹੀਆਂ ਹੋਈਆਂ ਸਨ, ਜੋ ਬਾਅਦ ਵਿੱਚ ਇਹਦੇ ਭਰਾ, ਕਿਸ਼ਨ ਸਿੰਘ ਤੇ ਉਸ ਦੇ ਲੜਕਿਆਂ ਨੇ ਸਾਂਭ ਲਈਆਂ ਸਨ। ਅੱਜਕੱਲ੍ਹ ਵੀ ਇਨ੍ਹਾਂ ਦਾ ਇਕ ਭਤੀਜਾ ਹਰਭਜਨ ਸਿੰਘ ਉੱਥੇ ਰਹਿੰਦਾ ਹੈ। ਦੂਸਰਾ ਭਤੀਜਾ ਗੁਰਦੇਵ ਖਹਿਰਾ ਕੈਨੇਡਾ ਦੇ ਸ਼ਹਿਰ ਵੈਨਕੂਵਰ ਆ ਕੇ ਵੱਸ ਗਿਆ ਸੀ।"

(ਨਵਾਂ ਜ਼ਮਾਨਾ 6 ਮਈ 2001, ਸਫ਼ਾ 2)

ਖੁਫ਼ੀਆ ਵਿਭਾਗ ਮੁਤਾਬਕ ਜਦੋਂ ਭਾਈ ਭਗਵਾਨ ਸਿੰਘ ਪਨਾਮਾ ਵਿਚ ਆਇਆ ਤਾਂ ਰਲਾ ਸਿੰਘ ਨੇ ਸਾਨਫ੍ਰਾਂਸਿਸਕੋ ਪਾਰਟੀ ਸੈਂਟਰ ਤੇ ਭਾਈ ਭਗਵਾਨ ਸਿੰਘ ਵਿਚਕਾਰ

ਸਿੰਘ ਵੀ ਮੌਕੇ ਤੇ ਹਾਜ਼ਰ ਸੀ। ਬੇਲਾ ਸਿੰਘ ਜੀਆਨ 8 ਦਸੰਬਰ 1933 ਨੂੰ ਕਤਲ ਕਰਨ ਵਾਲਿਆਂ ਵਿਚ ਬਾਬਾ ਹਰੀ ਸਿੰਘ ਸੂੰਢ ਵੀ ਸ਼ਾਮਲ ਸੀ।

ਬਾਬਾ ਹਰੀ ਸਿੰਘ ਸੂੰਢ ਬਚਪਨ ਤੋਂ ਹੀ ਬਾਬਾ ਅਮਰ ਸਿੰਘ ਸੰਧਵਾਂ ਦਾ ਮਿੱਤਰ ਸੀ। ਇਸਦੇ ਪ੍ਰੇਰਣ ਤੇ ਹੀ ਬਾਬਾ ਅਮਰ ਸਿੰਘ ਸੰਧਵਾਂ ਵਿਦੇਸ਼ ਰਵਾਨਾ ਹੋਏ ਸਨ। ਪਿਛੋਂ ਉਹ ਜ਼ਿਲ੍ਹਾ ਜਲੰਧਰ ਕਿਸਾਨ ਸਭਾ ਦੇ ਪ੍ਰਧਾਨ ਵੀ ਰਹੇ।

## ਗੁਰਸ਼ਰਨ ਸਿੰਘ ਗਿੱਲ :

ਪੁੱਤਰ ਫੌਜਦਾਰ ਸਿੰਘ ਪਿੰਡ ਜਗਦੇਵ ਕਲਾਂ ਜ਼ਿਲ੍ਹਾ ਅੰਮ੍ਰਿਤਸਰ ਪਨਾਮਾ ਦੀ ਗ਼ਦਰ ਪਾਰਟੀ ਦਾ ਇਕ ਸਿਰਕੱਢ ਆਗੂ ਸੀ। 'ਅਕਾਲੀ ਤੇ ਪ੍ਰਦੇਸੀ' ਅੰਮ੍ਰਿਤਸਰ, 13 ਅਕਤੂਬਰ 1926 ਅੰਕ ਦੇ ਅਨੁਸਾਰ 2695 ਰੁਪਏ ਗੁਰਸ਼ਰਨ ਸਿੰਘ ਨੇ ਸਾਥੀਆਂ ਤੋਂ ਇਕੱਠੇ ਕਰਕੇ ਬਾਬਾ ਵਸਾਖਾ ਸਿੰਘ ਅਤੇ ਭਾਈ ਸੰਤੋਖ ਸਿੰਘ ਨੂੰ ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ ਲਈ ਭੇਜੇ ਸਨ। ਖ਼ੁਫੀਆ ਵਿਭਾਗ ਨੇ 1932 ਵਿਚ ਉੱਥੋਂ ਦੀ ਗ਼ਦਰ ਪਾਰਟੀ ਬਰਾਂਚ ਦੇ ਸੈਕਟਰੀ ਹੋਣ ਦਾ ਜ਼ਿਕਰ ਕੀਤਾ ਹੈ।



*ਪਨਾਮਾ ਦੇ ਗ਼ਦਰੀਆਂ ਵਿਚਕਾਰ ਬਾਬਾ ਅਮਰ ਸਿੰਘ ਸੰਧਵਾਂ. ਉਨ੍ਹਾਂ ਦੇ ਖੱਬੇ ਭਾਈ ਪੂਰਨ ਸਿੰਘ*

*ਬਾਬਾ ਅਮਰ ਸਿੰਘ ਸੰਧਵਾਂ ਵਲੋਂ ਦੇਸ਼ ਭਗਤ ਯਾਦਗਾਰ*
*ਦੀ ਨੀਂਹ ਰੱਖਣ ਦੀਆਂ ਤਿਆਰੀਆਂ ਬਾਰੇ 'ਨਵਾਂ ਜ਼ਮਾਨਾ' ਦੇ*
*ਸੰਪਾਦਕੀ ਵਿੱਚ ਕਾਮਰੇਡ ਸੋਹਣ ਸਿੰਘ ਜੋਸ਼ ਨੇ ਲਿਖਿਆ।*

ਅੰਤਿਕਾ–1

# ਦੇਸ਼ ਭਗਤ ਯਾਦਗਾਰ ਹਾਲ

17 ਨਵੰਬਰ ਨੂੰ ਜਲੰਧਰ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਦੀ ਕੀਤੀ ਜਾਣ ਵਾਲੀ ਉਸਾਰੀ ਦੀ ਨੀਂਹ ਰੱਖੀ ਜਾਵੇਗੀ। ਨੀਂਹ ਰੱਖਣ ਦਾ ਕੰਮ ਪੁਰਾਣੇ ਦੇਸ਼ ਭਗਤ ਤੇ ਨਿਰਮਾਣ ਸੇਵਕ ਅਤੇ ਦਾਨੀ ਸੱਜਣ ਬਾਬਾ ਅਮਰ ਸਿੰਘ ਸੰਧਵਾਂ ਅਦਾ ਕਰਨਗੇ। ਇਹ ਥਾਂ ਜਲੰਧਰ ਵਿੱਚ ਅੰਮ੍ਰਿਤਸਰ ਦੇ ਅੱਡੇ ਤੋਂ ਲਾਗੇ ਜੀ.ਟੀ. ਰੋਡ ਉੱਤੇ ਪੈਟਰੋਲ ਪੰਪ ਦੇ ਨਾਲ ਹੈ।

ਇਹ ਦੇਸ਼ ਭਗਤ ਯਾਦਗਾਰ, ਉਨ੍ਹਾਂ ਦੇਸ਼ ਭਗਤਾਂ ਦੀ ਯਾਦ ਵਿਚ ਬਣਾਈ ਜਾ ਰਹੀ ਹੈ ਜਿਨ੍ਹਾਂ ਹਿੰਦੁਸਤਾਨ ਨੂੰ ਅੰਗਰੇਜ਼ੀ ਹਾਕਮਾਂ ਦੇ ਪੰਜੇ ਤੋਂ ਛੁਡਾ ਕੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਆਪਣੀਆਂ ਅਹੂਤੀਆਂ ਦੇ ਦਿੱਤੀਆਂ। 1914–15 ਦੇ ਗ਼ਦਰੀ ਸੂਰਬੀਰਾਂ ਨੇ ਦੇਸ਼ ਦੀ ਆਜ਼ਾਦੀ ਦਾ ਉਦੋਂ ਨਾਹਰਾ ਦਿੱਤਾ ਤੇ ਹਿੰਦੁਸਤਾਨ ਗ਼ਦਰ ਪਾਰਟੀ ਬਣਾ ਕੇ ਕੰਮ ਅਰੰਭਿਆ ਜਦਕਿ ਆਜ਼ਾਦੀ ਦਾ ਨਾਮ ਲੈਣਾ ਆਪਣੇ ਆਪ ਨੂੰ ਮੌਤ ਦੇ ਹਵਾਲੇ ਕਰਨ ਦੇ ਬਰਾਬਰ ਸੀ। 1914–15 ਦੇ ਬੇਅੰਤ ਬਹਾਦਰ ਦੇਸ਼ ਭਗਤ ਸੂਰਬੀਰਾਂ ਨੇ ਸਿਰਫ਼ ਜੇਲ੍ਹਾਂ ਕਾਲੇ ਪਾਣੀਆਂ ਵਿਚ ਹੀ ਆਪਣੀਆਂ ਜ਼ਿੰਦਗੀਆਂ ਤਬਾਹ ਨਹੀਂ ਕਰਵਾਈਆਂ ਸਗੋਂ ਫਾਂਸੀਆਂ ਉਤੇ ਝੂਲ ਕੇ ਵੀ ਭਾਰਤ ਮਾਤਾ ਦੀ ਜੈ ਦੇ ਨਾਹਰੇ ਲਾਏ। ਇਨ੍ਹਾਂ ਵਿੱਚੋਂ ਹੀ ਪ੍ਰਸਿੱਧ ਗ਼ਦਰੀ ਸੂਰਬੀਰ ਨੌਜਵਾਨ ਸ੍ਰੀ ਕਰਤਾਰ ਸਿੰਘ ਸਰਾਭਾ, ਸ੍ਰੀ ਜਗਤ ਸਿੰਘ ਸੁਰ ਸਿੰਘ, ਸ੍ਰੀ ਪਿੰਗਲੇ ਆਦਿ ਸਨ ਜਿਨ੍ਹਾਂ ਨੂੰ 17 ਨਵੰਬਰ ਵਾਲੇ ਦਿਨ ਹੀ ਫਾਂਸੀ ਦਿੱਤੀ ਗਈ ਸੀ। ਉਨ੍ਹਾਂ ਦੀ ਉਸ ਯਾਦ ਵਾਲੇ ਦਿਨ ਹੀ ਇਸ ਮਹਾਨ ਯਾਦਾਗਰੀ ਕਾਰਜ ਦੇ ਆਰੰਭ ਕਰਨ ਲਈ ਚੁਣਿਆ ਗਿਆ ਹੈ।

ਇਹ ਯਾਦਗਾਰ ਉਹਨਾਂ ਦੇਸ਼ ਭਗਤਾਂ ਦੀ ਯਾਦ ਹੋਵੇਗੀ ਜਿਨ੍ਹਾਂ 1914–15 ਤੋਂ ਪਹਿਲਾਂ ਤੋਂ ਪਿੱਛੋਂ ਵੀ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਲਿਆ ਤੇ ਆਪਣੀਆਂ ਕੁਰਬਾਨੀਆਂ ਨਾਲ ਭਾਰਤ ਨੂੰ ਵਿਦੇਸ਼ੀ ਗੁਲਾਮੀ ਤੋਂ ਅਜ਼ਾਦ ਕੀਤਾ।

ਇਹ ਯਾਦਗਾਰ ਉਨ੍ਹਾਂ ਦੇਸ਼ ਭਗਤਾਂ ਦੀ ਯਾਦ ਨੂੰ ਹੋਵੇਗੀ ਜਿਨ੍ਹਾਂ ਬਿਨਾਂ ਕਿਸੇ ਮਜ਼ਹਬ ਜਾਂ ਜਾਤ ਦੇ ਤੁਅੱਸਬ ਤੋਂ, ਬਿਨਾ ਕਿਸੇ ਹੋਰ ਪੱਖਪਾਤ ਤੋਂ ਭਾਰਤ ਨੂੰ ਆਜ਼ਾਦ ਕਰਨ ਵਿਚ ਆਪਣਾ ਬਲੀਦਾਨ ਦਿੱਤਾ।

ਇਹੋ ਕਾਰਨ ਹੈ ਕਿ ਇਸ ਯਾਦਗਾਰ ਲਈ ਦੇਸ ਪਰਦੇਸ ਤੋਂ ਖਾਸ ਤੌਰ ਤੇ

ਅੰਤਿਕਾ-2

# ਦੇਸ਼ ਭਗਤ ਯਾਦਗਾਰ ਜ਼ਿੰਦਾਬਾਦ

-ਮਾਸਟਰ ਹਰੀ ਸਿੰਘ

ਯਾਦਗਾਰ ਦੀ ਉਸਾਰੀ ਅਤੇ ਇਸ ਦੇ ਪ੍ਰਬੰਧ ਲਈ ਪ੍ਰਸਿੱਧ ਦੇਸ਼ ਭਗਤਾਂ ਦੀ ਇਕ ਕਮੇਟੀ ਬਣੀ ਹੋਈ ਹੈ ਜਿਸ ਦੀ ਇਕ ਜਨਰਲ ਬਾਡੀ, ਇਕ ਗਵਰਨਿੰਗ ਕੌਂਸਲ ਅਤੇ ਇਕ ਟਰੱਸਟ ਕਾਇਮ ਕੀਤਾ ਹੋਇਆ ਹੈ। ਇਸ ਦੇ ਪ੍ਰਧਾਨ ਗ਼ਦਰ ਪਾਰਟੀ ਦੇ ਬਾਨੀ, ਬਾਬਾ ਸੋਹਣ ਸਿੰਘ ਭਕਨਾ, ਸਕੱਤਰ ਮਹਾਂ ਇਨਕਲਾਬੀ ਬਾਬਾ ਗੁਰਮੁਖ ਸਿੰਘ ਜੀ ਅਤੇ ਖਜ਼ਾਨਚੀ ਮਹਾਂਦਾਨੀ ਬਾਬਾ ਅਮਰ ਸਿੰਘ ਜੀ ਸੰਧਵਾਂ ਹਨ।

ਇਹ ਯਾਦਗਾਰ ਕੌਮੀ ਆਜ਼ਾਦੀ ਦੀ ਲਹਿਰ ਦੀਆਂ ਸਭ ਇਨਕਲਾਬੀ ਤੇ ਲੜਾਕੂ ਲਹਿਰਾਂ ਦੀ ਤਰਜਮਾਨੀ ਕਰੇਗੀ। ਇਸ ਲਈ ਸੱਚੇ ਦੇਸ਼ ਭਗਤ ਅਤੇ ਇਨਕਲਾਬੀ ਸੂਰਮੇ ਇਸ ਦੀ ਉਸਾਰੀ ਵਿਚ ਆਪਣਾ ਸਹਿਯੋਗ ਦੇ ਰਹੇ ਹਨ।

ਮੈਨੂੰ ਗਿਆਰਾਂ ਮਹੀਨਿਆਂ ਦੀ ਨਜ਼ਰਬੰਦੀ ਉਪਰੰਤ ਜੇਲ੍ਹੋਂ ਵਾਪਸ ਆ ਕੇ, ਇਹ ਦੇਖ ਕੇ ਬੜੀ ਖੁਸ਼ੀ ਹੋਈ ਤੇ ਚਾਅ ਚੜ੍ਹ ਗਿਆ ਕਿ ਜੀ.ਟੀ. ਰੋਡ ਜਲੰਧਰ ਤੇ ਬਣ ਰਹੀ ਦੇਸ਼ ਭਗਤ ਯਾਦਗਾਰ ਬੜੀ ਤੇਜ਼ੀ ਨਾਲ ਸਿਰੇ ਚੜ੍ਹਦੀ ਜਾ ਰਹੀ ਹੈ। ਹਾਲ ਦੀ ਉਸਾਰੀ ਤੇ ਤਿਆਰੀ ਹੋ ਰਹੀ ਹੈ ਅਤੇ ਆਸ਼ਾ ਹੈ ਕਿ ਇਹ ਛੇਤੀ ਹੀ ਪ੍ਰਵਾਨ ਚੜ੍ਹ ਜਾਏਗਾ। ਹਾਲ ਦੀ ਹੇਠਲੀ ਮੰਜ਼ਿਲ ਵਿਚ ਲਾਇਬਰੇਰੀ ਤੇ ਰੀਡਿੰਗ ਰੂਪ ਹੋਣਗੇ। ਇਹ ਹਾਲ ਤੇ ਲਾਇਬਰੇਰੀ ਉੱਤਰੀ ਹਿੰਦ ਵਿਚ ਇਕ ਬੇਮਿਸਾਲ ਸੰਸਥਾ ਹੋਵੇਗੀ ਜੋ ਪੰਜਾਬ ਵਿਚ ਸਭਿਆਚਾਰਕ ਸਰਗਰਮੀਆਂ ਦਾ ਉੱਘਾ ਕੇਂਦਰ ਬਣ ਜਾਏਗੀ। ਕੌਮੀ ਅਤੇ ਇਨਕਲਾਬੀ ਲਹਿਰ ਦੇ ਸ਼ਹੀਦਾਂ ਦੀ ਇਹ ਯਾਦਗਾਰ ਆਜ਼ਾਦੀ ਲਈ ਕੀਤੇ ਗਏ ਅੰਦੋਲਨ ਦੀ ਇਕ ਜੀਉਂਦੀ ਜਾਗਦੀ ਤੇ ਉਤਸ਼ਾਹਜਨਕ ਤਸਵੀਰ ਹੋਵੇਗੀ।

ਪਰ ਇਸ ਯਾਦਗਾਰੀ ਇਮਾਰਤ ਦੀ ਉਸਾਰੀ ਨਾਲ ਤਾਂ ਅਜੇ ਯਾਦਗਾਰ ਦੀਆਂ ਹੱਡੀਆਂ ਦਾ ਪਿੰਜਰ ਹੀ ਬਣੇਗਾ। ਫੇਰ ਮਾਸ ਅਤੇ ਲਹੂ ਵੀ ਭਰਨਾ ਹੈ। ਇਸ ਲਈ ਲੱਖਾਂ ਰੁਪਿਆਂ ਦੇ ਸਾਜ਼ ਸਮਾਨ ਦੀ ਲੋੜ ਹੈ। ਲਾਇਬਰੇਰੀ ਲਈ ਲੱਖਾਂ ਕਿਤਾਬਾਂ ਖਰੀਦੀਆਂ ਜਾਣੀਆਂ ਹਨ। ਹਰ ਕਿਸਮ ਦੇ ਰਸਾਲੇ ਤੇ ਅਖਬਾਰਾਂ ਦਾ ਪ੍ਰਬੰਧ ਕਰਨਾ ਹੈ। ਇਸ ਲਈ ਯਾਦਗਾਰ ਦੀ ਮੁਕੰਮਲ ਤਿਆਰੀ ਕਰਨ ਲਈ ਅਜੇ ਕਾਫੀ ਸਮਾਂ ਲਗੇਗਾ ਤੇ ਲੱਖਾਂ

ਅੰਤਿਕਾ-3

# ਭਾਈ ਭਾਗ ਸਿੰਘ ਜੈ ਸਿੰਘ ਵਾਲਾ

ਬਾਬਾ ਅਮਰ ਸਿੰਘ ਸੰਧਵਾਂ ਤੋਂ ਅਗਲੀ ਸ਼ਖ਼ਸ਼ੀਅਤ ਭਾਈ ਭਾਗ ਸਿੰਘ ਸਨ ਜਿਨ੍ਹਾਂ ਦਿਲ ਖੋਲ ਕੇ ਦੇਸ਼ ਭਗਤ ਯਾਦਗਾਰ ਦੀ ਉਸਾਰੀ ਲਈ ਸੇਵਾ ਕੀਤੀ। ਭਾਗ ਸਿੰਘ ਦਾ ਜਨਮ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਨਿਹਾਲ ਸਿੰਘ ਵਾਲਾ ਵਿਖੇ 1901 ਵਿਚ, ਨਾਨਕੇ ਘਰ ਹੋਇਆ। ਉਹ ਆਪਣੇ ਭਰਾ ਪ੍ਰਤਾਪ ਸਿੰਘ ਦੇ ਸੱਦੇ 'ਤੇ ਮਨੀਲਾ ਪੁੱਜੇ ਸਨ ਜਿੱਥੇ ਅੱਠ ਸਾਲ ਰਹਿਣ ਪਿੱਛੋਂ ਦੂਜੇ ਭਰਾ ਅਰਜਨ ਸਿੰਘ ਦੇ ਬੁਲਾਵੇ ਤੇ ਅਮਰੀਕਾ ਦੇ ਐਲਸੈਂਟਰੋ ਦੇ ਇਲਾਕੇ ਇਮਪੀਰੀਅਲ ਵੈਲੀ ਵਿਚ ਚਲੇ ਗਏ। 1957 ਵਿਚ ਉਹ ਆਪਣੇ ਪਿੰਡ ਜੈ ਸਿੰਘ ਵਾਲਾ ਆਏ ਤਾਂ ਬਾਬਾ ਗੁਰਮੁਖ ਸਿੰਘ ਨੂੰ ਮਿਲੇ ਜਿਹੜੇ ਅਮਰੀਕਾ ਤੋਂ ਇਕ ਦੂਜੇ ਦੇ ਵਾਕਫ਼ ਸਨ। ਬਾਬਾ ਗੁਰਮੁਖ ਸਿੰਘ ਰਾਹੀਂ ਦੇਸ਼ ਭਗਤ ਯਾਦਗਾਰ ਦੀ ਉਸਾਰੀ ਬਾਰੇ ਪਤਾ ਲੱਗਣ ਤੇ ਉਨ੍ਹਾਂ ਪੰਜ ਹਜ਼ਾਰ ਰੁਪਏ ਯਾਦਗਾਰ ਕਮੇਟੀ ਨੂੰ ਭੇਜੇ ਲਈ ਭੇਜੇ ਸਨ।

ਸੰਨ 1964 ਵਿਚ ਉਨ੍ਹਾਂ ਦੀ ਸਿਹਤ ਖਰਾਬ ਹੋ ਗਈ ਤਾਂ ਹਵਾ ਬਦਲੀ ਲਈ ਉਹ ਵਾਪਸ ਭਾਰਤ ਆ ਗਏ। ਇਸ ਦੌਰਾਨ ਉਨ੍ਹਾਂ ਇਕ ਲੱਖ ਰੁਪਏ ਹਾਲ ਲਈ ਦਿੱਤੇ ਸਨ। ਇਸ ਸਬੰਧੀ ਕਾ. ਰਘਬੀਰ ਸਿੰਘ ਛੀਨਾ ਨੇ ਦੱਸਿਆ, "ਭਾਈ ਭਾਗ ਸਿੰਘ ਨੇ ਜਦੋਂ ਅਮਰੀਕਾ ਵਿਚਲੀ ਆਪਣੀ ਸਾਰੀ ਜਾਇਦਾਦ ਦੀ ਵਸੀਅਤ ਆਪਣੇ ਪਰਿਵਾਰ ਦੇ ਮੈਂਬਰਾਂ ਤੇ ਕੁਝ ਸੰਸਥਾਵਾਂ ਦੇ ਨਾਂ ਕੀਤੀ ਤਾਂ ਉਸ ਵਿੱਚੋਂ ਇਕ ਲੱਖ ਰੁਪਏ ਉਨ੍ਹਾਂ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਦਿੱਤੇ ਸਨ।"

ਕਾ. ਹਜ਼ਾਰਾ ਸਿੰਘ ਹਮਦਮ ਨੇ ਭਾਈ ਭਾਗ ਸਿੰਘ ਬਾਰੇ ਲਿਖਿਆ ਹੈ, "ਭਾਈ ਭਾਗ ਸਿੰਘ ਨੂੰ ਬਾਬਾ ਗੁਰਮੁਖ ਸਿੰਘ ਅਮਰੀਕਾ ਤੋਂ ਜਾਣਦੇ ਸਨ ਜਿਨ੍ਹਾਂ ਨੇ ਬਗੈਰ ਕਿਸੇ ਹੀਲ-ਹੁਜਤ ਦੇ ਬਾਬਾ ਗੁਰਮੁਖ ਸਿੰਘ ਨੂੰ ਦਿੱਤੀ ਚਾਹ ਦੀ ਪਿਆਲੀ ਖ਼ਤਮ ਹੋਣ ਤੋਂ ਪਹਿਲਾਂ ਇੱਕ ਲੱਖ ਰੁਪਈਆ ਭੇਂਟ ਕਰ ਦਿੱਤਾ ਸੀ।" ਭਾਈ ਭਾਗ ਸਿੰਘ ਬਾਰੇ ਬਾਬਾ ਗੁਰਮੁਖ ਸਿੰਘ ਨੇ ਲਿਖਿਆ ਸੀ, "17 ਨਵੰਬਰ 1964 ਨੂੰ ਉਹ ਭਾਰਤ ਆਏ ਤਾਂ ਦੇਸ਼ ਭਗਤ ਯਾਦਗਾਰ ਨੂੰ ਇਕ ਲੱਖ ਰੁਪਏ ਦਾਨ ਦਿੱਤਾ, ਜੋ ਕਿ ਵਿਅਕਤੀਗਤ ਤੌਰ ਤੇ ਬਹੁਤ ਵੱਡਾ ਤੇ ਮਹਾਨਤਾ ਭਰਿਆ ਦਾਨ ਹੈ। ਕਿਉਂਕਿ ਉਹਨਾਂ ਇਹ ਰੁਪਿਆ ਉਸ

ਅੰਤਿਕਾ-4

# ਪ੍ਰਦੇਸੀ ਵੀਰਾਂ ਦਾ ਪੰਥਕ ਪ੍ਰੇਮ !

ਸ. ਗੁਰਬਚਨ ਸਿੰਘ ਜੀ ਪਨਾਮਾ ਤੋਂ ਲਿਖਦੇ ਹਨ ਕਿ ਭਾਵੇਂ ਅਸੀਂ ਦੂਰ ਬੈਠੇ ਹੀ ਹੱਥੀਂ ਪੰਥ ਸੇਵਾ ਨਹੀਂ ਕਰ ਸਕਦੇ, ਫਿਰ ਵੀ ਅਸੀਂ ਕੌਮ ਤੇ ਦੇਸ਼ ਲਈ ਹਮਦਰਦੀ ਕਰਨ ਲਈ ਹਰ ਵਕਤ ਤਿਆਰ ਰਹਿੰਦੇ ਹਾਂ। ਫਰਵਰੀ 1922 ਵਿਚ ਕੋਈ 3100 ਰੁਪਏ ਪੰਥਕ ਲੋੜਾਂ ਨੂੰ ਅਨਭਵ ਕਰਕੇ ਇਥੋਂ ਦੇ ਖਾਲਸਾ ਜੀ ਨੇ ਦੇਸ਼ ਭੇਜੇ। ਫਿਰ ਦਸੰਬਰ 1922 ਵਿਚ 1832 ਰੁਪਏ ਭੇਜੇ ਗਏ, ਜਿਨ੍ਹਾਂ ਵਿੱਚੋਂ 1532 ਕੈਦੀ ਪਰਵਾਰ ਸਹਾਇਕ ਫੰਡ ਲਈ ਤੇ 300 ਰੁਪਏ ਉਰਦੂ ਅਕਾਲੀ ਤੇ ਅੰਗਰੇਜ਼ੀ ਅਕਾਲੀ ਲਈ। ਫਿਰ ਜਦੋਂ ਮਾ: ਸੁੰਦਰ ਸਿੰਘ ਜੀ ਦੀ ਪੰਜ ਲਖੀ ਅਪੀਲ ਵੇਖ ਤਾਂ 1754 ਰੁਪਏ ਹੋਰ ਭੇਜੇ ਗਏ। ਜੂਨ ਦੇ ਮਹੀਨੇ ਵਿਚ ਇਥੋਂ ਦੇ ਪੰਜਾਬੀ ਸੱਜਣਾ ਨੇ ਨੌਕਰਸ਼ਾਹੀ ਦੀਆਂ ਅਯੋਗ ਵਧੀਕੀਆਂ ਤੇ ਸਖ਼ਤੀਆਂ ਤੇ ਘਿਰਣਾ ਪਰਗਟ ਕੀਤੀ ਅਤੇ ਕੁਰਬਾਨੀ ਕਰਨ ਵਾਲੇ ਭਰਾਵਾਂ ਨਾਲ ਹਮਦਰਦੀ ਪ੍ਰਗਟ ਕੀਤੀ। ਵਾਹਿਗੁਰੂ ਪਿਤਾ ਅੱਗੇ ਅਰਦਾਸ ਕੀਤੀ ਗਈ ਕਿ ਵੀਰਾਂ ਨੂੰ ਹੌਸਲਾ, ਸ਼ਾਂਤਮਈ ਤੇ ਕਸ਼ਟ ਸਹਾਰਣ ਦਾ ਬਲ ਬਖਸ਼ੇ। ਹਿੰਦੂ ਮੁਸਲਮਾਨਾਂ ਅੱਗੇ ਬੇਨਤੀ ਕੀਤੀ ਗਈ ਕਿ ਆਪਸ ਵਿਚ ਲੜ ਕੇ ਸਵਰਾਜ ਦੇ ਰਾਹ ਵਿੱਚ ਰੋੜੇ ਨਾ ਅਟਕਾਉਣ। ਅੰਮ੍ਰਿਤਸਰ ਦਾ ਫਸਾਦ ਰੋਕਣ ਲਈ ਸ਼੍ਰੋਮਣੀ ਕਮੇਟੀ ਨੂੰ ਵਧਾਈ ਦਿੱਤੀ ਗਈ।

**'ਅਕਾਲੀ ਤੇ ਪ੍ਰਦੇਸੀ' ਅੰਮ੍ਰਿਤਸਰ**

**13 ਸਤੰਬਰ 1923**

**ਨੋਟ** : ਭਾਈ ਗੁਰਬਚਨ ਸਿੰਘ ਪੁੱਤਰ ਚੰਦਾ ਸਿੰਘ ਪਿੰਡ ਉਮਰਪੁਰਾ ਜ਼ਿਲ੍ਹਾ ਜਲੰਧਰ 1922 ਦੇ ਕਰੀਬ ਪਨਾਮਾ ਪੁੱਜਾ। ਉਸਦਾ ਪੁੱਤਰ ਗੁਰਦਿੱਤ ਸਿੰਘ ਵੀ ਉਸਦੇ ਨਾਲ ਸੀ। ਇਸ ਜਨਵਰੀ 1925 ਵਿਚ ਪਨਾਮਾ ਵਿੱਚੋਂ ਪੰਜ ਪੈਸਾ ਫੰਡ ਵਿੱਚ ਪੈਸੇ ਦਿੱਤੇ ਸਨ। ਉਸਨੇ ਕਾ. ਤੇਜਾ ਸਿੰਘ ਸੁਤੰਤਰ ਵੱਲੋਂ ਕਰਵਾਈਆਂ ਮੀਟਿੰਗਾਂ ਵਿਚ ਹਿੱਸਾ ਲਿਆ ਜਿਹੜੀਆਂ ਸਰਕਾਰ ਵਿਰੋਧੀ ਸਨ।

Gurbachan Singh Son of Chanda Singh, Village Umarpura, District Jullunder. He went to Panama about 12/13 year ago along with his son named Gurdit Singh. He was a Contributor to the "Panj Paisa Fund" in Panama in January 1925. He was reported to have attended several seditious meetings organised by Teja Singh Sutantar in 1931

(Ghadr Directory P-88)

## ਅੰਤਿਕਾ-6



ਅੰਤਿਕਾ-8

DESH BHAGAT YADGAR
11452

[illegible] 1906

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible] 1928 ਵਿਚ [illegible]

[illegible]

ਅਤੇ ਗੰਭੀਰ ਦੇਸ਼ ਭਗਤ ਸਨ। ਗ਼ਦਰ ਪਾਰਟੀ ਬਨਣ ਤੋਂ ਪਹਿਲਾਂ ਏਹੀ ਇਕ ਸੱਜਣ ਸਨ ਜੋ ਦੇਸ਼ ਦੀ ਆਜ਼ਾਦੀ ਲਈ ਅਖ਼ਬਾਰ ਅਤੇ ਪਰਚਾਰ ਰਾਹੀਂ ਸੱਚੇ ਦਿਲੋਂ ਯਤਨ ਕਰਿਆ ਕਰਦੇ ਸਨ।"

11. ਬਾਬਾ ਅਮਰ ਸਿੰਘ ਸੰਧਵਾਂ ਦਾ ਬਿਆਨ
12. - ਉਹੀ -
13. - ਉਹੀ -
14. -ਉਹੀ-
15. Year Book 2003, Edited by S.K. Sachdeva, Rajindra Place New Delhi, P-350
16. ਭਾਈ ਅਮਰ ਸਿੰਘ ਮਾਨ ਦਾ ਬਿਆਨ
17. 'ਸੰਸਾਰ' 5 ਜਨਵਰੀ 1914, ਸਫਾ-4, 630 Spread Avenue Victoria, B.C.
18. ਗ਼ਦਰ ਪਾਰਟੀ ਅਤੇ ਭਾਰਤ ਦਾ ਕੌਮੀ ਅੰਦੋਲਨ- ਡਾ: ਗੁਰਦੇਵ ਸਿੰਘ ਦਿਓਲ ਸਫ਼ਾ 104
19. ਬਾਬਾ ਅਮਰ ਸਿੰਘ ਸੰਧਵਾਂ ਦਾ ਬਿਆਨ

* ਮੈਂ 1916 ਦੇ ਵਿਚਕਾਰ ਏਸ਼ੀਆ 'ਚੋਂ ਚਲਾ ਗਿਆ ਸੀ ਤੇ ਸਨਫਰਾਂਸਿਸਕੋ ਵਗੈਰ ਪਾਸਪੋਰਟ ਤੇ ਬਿਨਾਂ ਟਿਕਟ ਮੁੜ ਗਿਆ। ਉਥੇ ਮੈਂ ਤਿੰਨ ਦਿਨ ਹੀ ਠਹਿਰਿਆ। ਮੈਂ ਛੇਤੀ ਛੇਤੀ ਸਾਊਥ ਅਫਰੀਕਾ ਚਲਾ ਗਿਆ। ਪਨਾਮਾ ਵਿਚੋਂ ਮੈਨੂੰ ਕੱਢ ਦਿੱਤਾ ਗਿਆ ਤੇ ਕਿਊਬਾ ਵਿਚੋਂ ਵਾਪਸ ਭੇਜ ਦਿੱਤਾ। ਮਗਰੋਂ ਜਨਰਲ ਜਾਰਜ ਗੋਥਲ ਜਿਹੜਾ ਪਨਾਮਾ ਨਹਿਰ ਦਾ ਉਸਰਈਆ ਤੇ ਉੱਥੋਂ ਦਾ ਗਵਰਨਰ ਸੀ ਦੀ ਸਲਾਹ ਤੇ ਮੈਂ ਅਮਰੀਕਾ ਕਾਨੂੰਨੀ ਤੌਰ 'ਤੇ 11 ਅਕਤੂਬਰ 1916 ਨੂੰ ਨਿਊਯਾਰਕ ਪਹੁੰਚ ਗਿਆ ਸੀ। -ਬਿਆਨ ਗਿ. ਭਗਵਾਨ ਸਿੰਘ

20. ਬਾਬਾ ਅਮਰ ਸਿੰਘ ਸੰਧਵਾਂ ਦਾ ਬਿਆਨ
21. ਜੀਵਨੀ ਬਾਬਾ ਅਮਰ ਸਿੰਘ ਸੰਧਵਾਂ-ਡਾ. ਵਿਕਰਮ ਸਿੰਘ, ਦੇਸ਼ ਭਗਤ ਯਾਦਾਂ, ਅਗਸਤ 1963 ਸਫ਼ਾ 34

* **ਭਾਈ ਬਚਨ ਸਿੰਘ ਘੋਲੀਆ ਲਿਖਦੇ ਹਨ ਕਿ** 45 ਦਿਨਾਂ ਬਾਅਦ ਜਹਾਜ਼ ਪਨਾਮਾ ਦੀ ਬੰਦਰਗਾਹ ਤੇ ਆਣ ਲੱਗਾ। ਪਨਾਮਾ ਵਿਖੇ ਕਾਬਲ ਸਿੰਘ ਰੁੜਕਾ ਤੇ ਰਲਾ ਸਿੰਘ ਉਧੋਵਾਲ, ਭਾਰਤੀ ਕਮੇਟੀ ਦੇ ਤਕੜੇ ਮੈਂਬਰ ਸਨ। ਕਾਬਲ ਸਿੰਘ ਜਿਸ ਨੇ ਜਪਾਨ ਤੋਂ ਕਮੇਟੀ ਮੈਂਬਰਾਂ ਨੂੰ ਤਾਰ ਦਿੱਤੀ ਸੀ। ਉਨ੍ਹਾਂ ਨੇ ਬਚਨ ਸਿੰਘ ਤੇ ਬਾਕੀ ਦੇ ਛੇਆਂ ਮੈਂਬਰਾਂ ਨੂੰ ਕੁਰਾਟੀਨ ਤੋਂ ਬਚਾ ਲਿਆ ਸੀ। ਪਨਾਮਾ ਵਿਚ ਜ਼ਿਆਦਾ ਭਾਰਤੀ (ਪੰਜਾਬੀ) ਲੋਕ ਕਾਰਾਂ ਨੂੰ ਟੈਕਸੀ ਦੇ ਤੌਰ ਤੇ ਵਰਤਦੇ ਸਨ ਜਾਂ ਫਿਰ ਡੱਗੀ (ਤੁਰ ਫਿਰ ਕੇ ਕਪੜਾ ਵੇਚਣਾ) ਦਾ ਕੰਮ ਕਰਦੇ ਸਨ। ਕਮੇਟੀ ਵਾਲਿਆਂ ਇਸ ਜੱਥੇ ਦਾ ਪਨਾਮਾ ਹੋਟਲ ਵਿਚ ਵਧੀਆ ਪ੍ਰਬੰਧ ਕੀਤਾ ਹੋਇਆ ਸੀ ਤੇ ਇਕ ਮਹੀਨੇ ਦਾ ਰਾਸ਼ਨ ਜਮਾਂ ਕਰਕੇ ਰੱਖਿਆ ਹੋਇਆ ਸੀ, ਕੁਝ ਰਾਸ਼ਨ ਸਾਰੇ

32. ,, ,, ਨਵੰਬਰ 1929, ਸਫਾ- 65,70

33. ਬਰਤਾਨਵੀ ਸਾਮਰਾਜ ਵਿਰੋਧੀ ਲਹਿਰਾਂ, ਸੰਖੇਪ ਇਤਿਹਾਸ ਕਾ. ਹਰਕਿਸ਼ਨ ਸਿੰਘ ਸੁਰਜੀਤ, ਸਫ਼ਾ 55-61

34. ਭਾਈ ਅਮਰ ਸਿੰਘ ਮਾਨ ਦਾ ਬਿਆਨ

* ਭਾਈ ਹਰਨਾਮ ਸਿੰਘ ਪੁੱਤਰ ਸ. ਨਗੀਨਾ ਸਿੰਘ, ਪਿੰਡ ਬੁੰਡਾਲਾ ਜ਼ਿਲ੍ਹਾ ਜਲੰਧਰ ਦਾ ਜੰਮਪਲ ਸੀ। ਉਸ ਨੂੰ ਅਕਾਲੀ ਲਹਿਰ ਵਿਚ ਹਿੱਸਾ ਲੈਣ ਕਰਕੇ ਧਾਰਾ ੧੨੪-A, ਤਹਿਤ ਦੋ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਦਿੱਤੀ ਗਈ ਸੀ। ਸਜ਼ਾ ਭੁਗਤ ਕੇ ਉਹ ਬਾਹਰ ਆਏ ਤਾਂ ਜਲੰਧਰ ਤੋਂ ਛਪਦੇ 'ਦੇਸ਼ ਸੇਵਕ' ਅਖ਼ਬਾਰ ਦੇ ਉਹ ਸੰਪਾਦਕ ਬਣਾਏ ਗਏ। ਪੰਜਾਬੀ ਜ਼ੁਬਾਨ ਵਿਚ ਉਪਰੋਕਤ ਅਖ਼ਬਾਰ ਹਫ਼ਤੇ ਵਿਚ ਦੋ ਵਾਰੀ, ਦੁਆਬਾ ਅਮਰੀਕਨ ਕੈਨੇਡੀਅਨ ਪ੍ਰੈਸ ਸੁਸਾਇਟੀ ਦੀ ਛਤਰ-ਛਾਇਆ ਹੇਠ ਬੜੀ ਆਨ ਸ਼ਾਨ ਤੇ ਨਿਰਭੈਤਾ ਨਾਲ ਛਪਦਾ। 'ਕਿਰਤੀ' ਜੂਨ, 1926 ਦੇ ਅੰਕ ਵਿਚ ਇਸ ਅਖ਼ਬਾਰ ਬਾਰੇ ਲਿਖਿਆ:

"ਆਪਣੀ ਮਾਤ-ਭੂਮੀ ਦੀ ਸੇਵਾ ਕਰਦੇ ਹੋਏ ਇਸਦੇ ਦਰਜਨੋ ਵਧੀਕ ਸ਼ੇਰਦਿਲ ਐਡੀਟਰ ਜੇਲ੍ਹ ਯਾਤਰਾ ਕਰ ਚੁੱਕੇ ਤੇ ਕਰ ਰਹੇ ਹਨ। ਇਸ ਦੀ ਪਾਲਸੀ ਨਿਧੜਕ, ਪੱਖਪਾਤ ਤੋਂ ਉਪਰ ਉੱਠ ਕੇ ਮੁਲਕ ਤੇ ਕੌਮ ਦੀ ਸੇਵਾ ਕਰਨੀ ਹੈ।"

ਦੇਸ਼ ਸੇਵਕ ਦਾ ਜਿਹੜਾ ਵੀ ਸੰਪਾਦਕ ਬਣਾਇਆ ਜਾਂਦਾ, ਉਸੇ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਬੰਦ ਕੀਤਾ ਜਾਂਦਾ ਸੀ। 5 ਅਕਤੂਬਰ 1924 ਨੂੰ "ਪੰਜ ਆਨਾ ਫੰਡ ਦੀ ਅਪੀਲ" ਇਸ ਅਖ਼ਬਾਰ ਵਿਚ ਛਾਪਣ 'ਤੇ ਭਾਈ ਹਰਨਾਮ ਸਿੰਘ ਗ੍ਰਿਫ਼ਤਾਰ ਕੀਤੇ ਗਏ ਅਤੇ 6 ਮਹੀਨੇ ਦੀ ਸਖ਼ਤ ਕੈਦ ਦੀ ਸਜ਼ਾ ਦਿੱਤੀ ਗਈ। ਮਈ 1927 ਨੂੰ ਉਹ ਸਿੰਘਾਪੁਰ ਚਲੇ ਗਏ, ਜਿੱਥੋਂ ਉਨ੍ਹਾਂ ਕਾ. ਸੋਹਣ ਸਿੰਘ ਜੋਸ਼ ਨੂੰ ਖ਼ਤ ਲਿਖ ਕੇ ਕਿਰਤੀ ਲਹਿਰ ਨਾਲ ਗਹਿਰੇ ਲਗਾਉ ਬਾਰੇ ਨਿਸਚਾ ਦਰਸਾਇਆ। ਜੂਨ 1928 ਵਿਚ ਉਹ ਭਾਰਤ ਵਾਪਸ ਆ ਗਏ। ਉਨ੍ਹਾਂ ਉਤਰ-ਪ੍ਰਦੇਸ ਵਿਚੋਂ ਆਪਣਾ ਨਵਾਂ ਪਾਸਪੋਰਟ ਬਣਵਾਇਆ ਕਿਉਂਕਿ ਉਨ੍ਹਾਂ ਦੇ ਪਿਤਾ ਸਾਹਰਨਪੁਰ ਰਹਿੰਦੇ ਸਨ। ਉਹ ਪਹਿਲਾਂ ਫਿਜੀ ਅਤੇ ਉਥੋਂ ਪਨਾਮਾ ਪੁੱਜ ਗਏ ਸੀ। ਪਨਾਮਾ ਪੁੱਜ ਕੇ ਉਹ ਉਥੋਂ ਦੀ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ***'ਅਕਾਲੀ ਤੇ ਪ੍ਰਦੇਸੀ' ਅੰਮ੍ਰਿਤਸਰ 9 ਨਵੰਬਰ, 1924***

35. ਗ਼ਦਰ ਲਹਿਰ ਦੇ ਅਣਫੋਲੇ ਵਰਕੇ- ਬਾਬਾ ਭਗਤ ਸਿੰਘ ਬਿਲਗਾ, ਸਫਾ-162

36. ਭਾਈ ਅਮਰ ਸਿੰਘ ਮਾਨ ਦਾ ਬਿਆਨ

37. ਬਾਬਾ ਦੁੱਲਾ ਸਿੰਘ ਜਲਾਲਦੀਵਾਲ ਦਾ ਬਿਆਨ

38. ਭਾਈ ਅਮਰ ਸਿੰਘ ਮਾਨ ਦਾ ਬਿਆਨ

39. 'ਕਿਰਤੀ' ਅੰਮ੍ਰਿਤਸਰ 23 ਨਵੰਬਰ 1936, ਸਫ਼ਾ-6,7

40. - ਉਹੀ -

41. ਬਾਬਾ ਅਮਰ ਸਿੰਘ ਸੰਧਵਾਂ ਦਾ ਬਿਆਨ, ਕਾਂਗਰਸੀ ਆਗੂ ਪਤਾਭੀ ਸੀਤਾ ਰਮੱਈਆ ਨੇ ਇਸ ਘਟਨਾ ਬਾਰੇ ਲਿਖਿਆ :

Anyway Lord Irwin was unable to help in the matter, but

half bolster the Institution's treasure box and is a taken of appreciation for the Red Cross activities in the community.
*(ਉਕਤ ਹਵਾਲਾ ਭਾਈ ਪੂਰਨ ਸਿੰਘ ਸੰਧਵਾਂ ਦੀ ਫਾਈਲ ਵਿੱਚੋਂ ਸਤਿੰਦਰ ਪਾਲ ਸਿੰਘ ਵੱਲੋਂ ਪ੍ਰਾਪਤ ਹੋਇਆ।)*

47. ਮਾਸਟਰ ਪ੍ਰੇਮ ਦੱਤ ਸ਼ਰਮਾ ਦਾ ਬਿਆਨ
48. ਕਾ. ਸੁਸ਼ੀਲਾ ਚੈਨ ਤੋਂ ਪ੍ਰਾਪਤ ਜਾਣਕਾਰੀ
49. ਮਾ. ਪ੍ਰੇਮ ਦੱਤ ਸ਼ਰਮਾ ਦਾ ਬਿਆਨ
50. - ਉਹੀ -
51. ਸ੍ਰੀ ਕੇਵਲ ਚੰਦ ਫਰਾਲਾ ਦਾ ਬਿਆਨ
52. ਬੱਬਰ ਅਕਾਲੀ ਲਹਿਰ ਦਾ ਇਤਿਹਾਸ, ਸੁੰਦਰ ਸਿੰਘ ਮਖਸੂਸਪੁਰੀ ਸਫ਼ਾ-284
53. My Tryst with Secularism S.S. Josh-
All though Baba Amar Singh Sandhwan Paid doneted some funds to the Kirti Party, whole time workers wanted wages which were not being paid.- P-190
54. ਕਾ. ਰਤਨ ਸਿੰਘ ਸੰਧਵਾਂ ਦਾ ਬਿਆਨ
55. ਕਿਰਤੀ ਪਾਰਟੀ (ਦੂਜੀ ਸੰਸਾਰ ਜੰਗ ਸਮੇਂ)- ਚੈਨ ਸਿੰਘ ਚੈਨ, ਸਫ਼ਾ- 279
56. ਕਾ. ਜਗਜੀਤ ਸਿੰਘ ਲਾਇਲਪੁਰੀ ਨਾਲ ਹੋਈ ਗੱਲਬਾਤ
57. ਕਾ. ਗੰਧਰਵ ਸੈਨ ਨਾਲ 15 ਜੁਲਾਈ 2011 ਨੂੰ ਹੋਈ ਗੱਲਬਾਤ
58. 'ਕਿਰਤੀ ਲਹਿਰ' ਮੇਰਠ, 18 ਸਤੰਬਰ 1938

* ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਸ਼ਹੀਦਾਂ ਤੇ ਦੇਸ਼ ਭਗਤਾਂ ਦੀ ਯਾਦਗਾਰ ਵਾਸਤੇ ਫੰਡ ਦੀ ਉਗਰਾਹੀ ਕਰ ਰਹੀ ਹੈ। ਬਾਬਾ ਵਸਾਖਾ ਸਿੰਘ ਜੀ ਇਸ ਮੁਹਿੰਮ ਦੀ ਅਗਵਾਈ ਕਰ ਰਹੇ ਹਨ।

ਬਾਬਾ ਵਸਾਖਾ ਸਿੰਘ ਜੀ ਪ੍ਰਸਿੱਧ ਦੇਸ਼ ਭਗਤ ਹਨ, ਜਿਨ੍ਹਾਂ ਨੇ ਪਿਛਲੇ 30 ਸਾਲਾਂ ਵਿਚ ਦੇਸ਼ ਦੀ ਸੇਵਾ ਲਈ ਹਰ ਕੁਰਬਾਨੀ ਕੀਤੀ ਹੈ ਤੇ ਸਾਢੇ ਤਿੰਨ ਲੱਖ ਰੁਪਏ ਬਾਬਾ ਜੀ ਦੀ ਹੱਥੀਂ ਸਹਾਇਤਾ ਵੰਡੀ ਜਾ ਚੁੱਕੀ ਹੈ।

ਆਪ ਅਮਰੀਕਾ ਵਿਚ ਗ਼ਦਰ ਪਾਰਟੀ ਦੀ ਨੀਂਹ ਰੱਖਣ ਵਾਲਿਆਂ ਵਿਚੋਂ ਹਨ। ਪੰਜਾਬ ਵਾਪਸ ਮੁੜ ਕੇ ਆਪ ਨੇ ਫਰਵਰੀ 1915 ਵਿਚ ਹਥਿਆਰਬੰਦ ਬਗ਼ਾਵਤ ਦੀ ਕੋਸ਼ਿਸ਼ ਕੀਤੀ। ਇਸ ਬਗ਼ਾਵਤ ਦੇ ਅਸਫਲ ਹੋ ਜਾਣ 'ਤੇ ਕਰਤਾਰ ਸਿੰਘ ਸਰਾਭਾ ਤੇ ਆਪ ਦੇ ਅਨੇਕਾਂ ਸਾਥੀ ਫਾਂਸੀਆਂ 'ਤੇ ਚੜ੍ਹ ਗਏ। ਬਾਬਾ ਜੀ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਕਾਲੇ ਪਾਣੀ ਭੇਜ ਦਿੱਤਾ ਗਿਆ।

ਅੰਡੇਮਾਨ ਵਿਚ ਆਪ ਨੇ ਆਪਣੇ ਸਾਥੀਆਂ ਸਮੇਤ ਉਸ ਸਾਮਰਾਜੀ ਦੋਜ਼ਖ ਵਿਚ ਡੰਡਾ ਬੇੜੀਆਂ, ਖੜੀਆਂ ਹਥਕੜੀਆਂ, ਪਿੰਜਰਿਆਂ, ਬੈਂਤਾਂ ਤੇ ਕਾਲ ਕੋਠੜੀਆਂ ਵਿਰੁੱਧ ਬੇਮਿਸਾਲ ਸੰਗਰਾਮ ਕੀਤਾ। ਅੰਤ ਹਕੂਮਤ ਨੂੰ ਰਾਜਸੀ ਕੈਦੀਆਂ ਲਈ ਅੰਡੇਮਾਨ ਜੇਲ੍ਹ ਬੰਦ ਕਰਨੀ

79. – ਉਹੀ –
80. ਕਾਰਵਾਈ ਵਿਚੋਂ
81. – ਉਹੀ –
82. ਦੇਸ਼ ਭਗਤ ਯਾਦਾਂ, ਦਸੰਬਰ 1963 ਸਫਾ–10, 11
83. –ਉਹੀ–
84. ਦੇਸ਼ ਭਗਤ ਯਾਦਾਂ, ਮਈ 1964
85. ਨਵਾਂ ਜ਼ਮਾਨਾ, 8 ਜੂਨ 2003
86. ਸ੍ਰੀ ਲਾਹੌਰੀ ਰਾਮ ਬਾਲੀ ਨਾਲ, 20 ਅਗਸਤ 2012 ਨੂੰ ਹੋਈ ਗੱਲਬਾਤ
87. ਮੋਰਚੇ ਦੇ ਅੱਖੀਂ ਡਿੱਠੇ ਹਾਲ
88. ਨਵਾਂ ਜ਼ਮਾਨਾ 8 ਜੁਲਾਈ, 2010, ਜਨਵਰੀ ਅਤੇ 1965 ਦੇਸ਼ ਭਗਤ ਯਾਦਾਂ ਪੰਨਾ 44
89. ਦੇਸ਼ ਭਗਤ ਯਾਦਾਂ, ਫਰਵਰੀ 1965 ਸਫ਼ਾ–10

* ਰਿਪਬਲਿਕਨ ਪਾਰਟੀ ਦੇ ਜੇਲ੍ਹ ਭਰੋ ਅੰਦੋਲਨ ਸਮੇਂ ਦਸ ਲੱਖ ਵਲੰਟੀਅਰਾਂ ਨੇ ਆਪਣੇ ਨਾਂ ਪੇਸ਼ ਕੀਤੇ ਸਨ। ਦੋ ਲੱਖ ਨੇ ਨਾਂ ਦਰਜ ਕਰਵਾਏ ਜਦੋਂ ਕਿ ਸੱਤ ਸੌ ਜੇਲ੍ਹਾਂ ਵਿਚ ਬੰਦ ਸਨ। ਇਹ ਮੋਰਚਾ 6 ਦਸੰਬਰ 1964 ਨੂੰ ਸ਼ੁਰੂ ਹੋਇਆ ਸੀ। ਕਾਮਰੇਡ ਮਲਕੀਤ ਸਿੰਘ ਮੇਹਲੀ ਜਿਹੜਾ ਉਸ ਸਮੇਂ ਖੇਤ ਮਜ਼ਦੂਰ ਯੂਨੀਅਨ ਦਾ ਕਾਰਕੁੰਨ ਸੀ, ਗ੍ਰਿਫ਼ਤਾਰ ਹੋ ਕੇ ਜਲੰਧਰ ਦੀ ਜੇਲ੍ਹ ਵਿਚ ਲਾਹੌਰੀ ਰਾਮ ਬਾਲੀ ਨਾਲ ਕੈਦ ਸੀ।

90. –ਉਹੀ–
91. ਸ੍ਰੀ ਲਾਹੌਰੀ ਰਾਮ ਬਾਲੀ ਨਾਲ ਵਾਰਤਾਲਾਪ
92. ਜੰਗ–ਏ–ਅਜ਼ਾਦੀ ਦਾ ਅਣਥੱਕ ਯੋਧਾ ਸੁਆਮੀ ਪੂਰਨਾ ਨੰਦ, ਲੇਖਕ– ਹਰਕੇਵਲ ਸਿੰਘ ਮਾਹਲਪੁਰ ਸਫ਼ਾ– 57, 58
93. ਕਾਰਵਾਈ ਵਿੱਚੋਂ
94. Phagwara Bomb incident, People's Path, 1966, P-40

* ਭਾਈ ਸੰਤਾ ਸਿੰਘ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਲਹੁਕਾ ਦੇ ਜੰਮਪਲ ਸਨ ਜਿਨ੍ਹਾਂ ਨੇ 1920 ਤੋਂ 1922 ਤੱਕ ਸੰਘਾਈ ਦੀ ਪੁਲਸ ਵਿਚ ਨੌਕਰੀ ਕੀਤੀ ਅਤੇ 1923 ਵਿਚ ਪਾਸਪੋਰਟ ਬਣਾ ਕੇ ਉਹ ਮੈਕਸੀਕੋ ਚਲੇ ਗਏ। ਜਦੋਂ ਭਾਈ ਰਤਨ ਸਿੰਘ ਕੈਲੇਫੋਰਨੀਆਂ ਤੋਂ ਮੈਕਸੀਕੋ ਰਾਹੀਂ ਯੂਰਪ ਵੱਲ ਆਉਣ ਲੱਗੇ ਤਾਂ ਮੈਕਸੀਕੋ ਦੀ ਹੱਦ ਤੋਂ ਭਾਈ ਦਲੀਪ ਸਿੰਘ ਫਾਹਲ਼ਾ ਤੇ ਭਾਈ ਸੰਤਾ ਸਿੰਘ ਲਹੁਕਾ ਨੂੰ ਮਿਲ ਕੇ, ਗ਼ਦਰ ਪਾਰਟੀ ਦੀ ਜ਼ੁੰਮੇਵਾਰੀ ਸੌਂਪ ਗਏ ਸਨ। 1926 ਵਿਚ ਅਮਰੀਕਾ ਦੀ ਗ਼ਦਰ ਪਾਰਟੀ ਦੇ ਸ. ਸੰਤਾ ਸਿੰਘ ਖਜ਼ਾਨਚੀ, ਭਾਈ ਲੱਖਾ ਸਿੰਘ ਪ੍ਰਧਾਨ ਤੇ ਭਾਈ ਸੁਰਜਨ ਸਿੰਘ ਸਕੱਤਰ ਚੁਣੇ ਗਏ ਸਨ। ਇਸੇ ਸਾਲ 'ਕਿਰਤੀ' ਮੈਗਜ਼ੀਨ ਅੰਮ੍ਰਿਤਸਰ ਤੋਂ ਛਾਪਣਾ ਸ਼ੁਰੂ ਕੀਤਾ ਗਿਆ ਤਾਂ ਭਾਈ ਸੰਤਾ ਸਿੰਘ ਨੇ ਆਪਣੇ ਸਾਥੀਆਂ ਤੋਂ ਉਗਰਾਹੀ ਕਰਕੇ ਚੋਖੀ ਰਕਮ ਭੇਜੀ ਸੀ। ਹਕੂਮਤ ਦੇ ਦਬਾਅ ਤੇ ਬੰਦਸ਼ਾਂ ਦੇ ਕਾਰਨ ਜਦੋਂ ਵੀ 'ਕਿਰਤੀ' ਨੂੰ ਮਾਲੀ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਜਾਂ

1928 ਵਿਚ ਕੈਨੇਡੀਅਨ ਅਮਰੀਕਨ ਵਿਦਿਅਕ ਸੁਧਾਰ ਸੁਸਾਇਟੀ ਦੇ ਦੁਆਬਾ ਸੈਕਸ਼ਨ ਦਾ ਵੀ ਉਹ ਪ੍ਰਧਾਨ ਚੁਣਿਆ ਗਿਆ ਸੀ। 1929 ਵਿਚ ਉਹ ਕੁਝ ਚਿਰ ਅਮਰੀਕਾ ਵਿਚ ਵੀ ਰਿਹਾ ਸੀ। ਖੁਫ਼ੀਆ ਵਿਭਾਗ ਨੂੰ ਸ਼ੰਕਾ ਸੀ ਕਿ ਅਮਰੀਕਾ ਵਿਚ ਕਾਂਗਰਸ ਪਾਰਟੀ ਦਾ ਯੂਨਿਟ ਖੜਾ ਕਰਨ ਲਈ ਉਹ ਗਿਆ ਸੀ। ਇਸੇ ਸਾਲ ਅਕਤੂਬਰ ਵਿਚ ਕੈਨੇਡਾ ਤੋਂ ਹਿੰਦੁਸਤਾਨ ਲਈ ਲੱਕੜੀ ਦੇ ਵਪਾਰ ਲਈ ਇਕ ਜਹਾਜ਼ ਚਲਾਉਣ ਵਾਲਿਆਂ ਵਿਚ ਵੀ ਉਹ ਸ਼ਾਮਲ ਸੀ। ਇਸ ਜਹਾਜ਼ ਬਾਰੇ ਅੰਗਰੇਜ਼ੀ ਹਕੂਮਤ ਨੂੰ ਸ਼ੰਕਾ ਸੀ ਕਿ ਇਹ ਹਥਿਆਰ ਭੇਜਣ ਲਈ ਇਕ ਯੋਜਨਾ ਸੀ। ਨਵੰਬਰ 1931 ਵਿਚ ਉਹ ਭਾਰਤ ਵਿਚ ਆਪਣੇ ਪਿੰਡ ਆ ਗਿਆ ਸੀ। ਇਧਰ ਉਸ ਦੇ ਕਰੀਬੀ ਸਾਥੀਆਂ ਵਿਚੋਂ ਬਾਬਾ ਭਾਗ ਸਿੰਘ ਕਨੈਡੀਅਨ, ਬਾਬਾ ਕਰਮ ਸਿੰਘ ਚੀਮਾ, ਭਾਈ ਚੈਂਚਲ ਸਿੰਘ ਜੰਡਿਆਲਾ ਤੇ ਬਾਲ ਮੁਕੰਦ ਸਕਰੂਲੀ ਸਨ।

ਉਨ੍ਹਾਂ ਵੱਲੋਂ ਲਿਆ ਸ਼ਹੀਦਾਂ ਦੀ ਯਾਦਗਾਰ ਬਣਾਉਣ ਦਾ ਸੰਨ 1921 ਵਿਚ ਸੁਪਨਾ ਹੁਣ ਜਦੋਂ 1959 ਤੋਂ ਪਿਛੋਂ ਸਕਾਰ ਹੋਇਆ ਤਾਂ ਉਸ ਨੇ ਆਪਣੇ ਪਿੰਡ ਵਿਚਲੀ ਸਾਰੀ ਜਾਇਦਾਦ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਦੇਣ ਦਾ ਬੋਲ ਤਾਂ ਪੁਗਾਇਆ ਪਰ ਡਾ. ਬਿਕਰਮ ਸਿੰਘ ਸ਼ੰਕਰ ਦੇ ਵਿਸ਼ਵਾਸਘਾਤ ਕਾਰਨ ਸਾਕਾਰ ਨਾ ਹੋਇਆ।

96. Desh Bhagat Parkashan, Jalandhar

97. ਸ਼ਹੀਦ ਜਗਤਾਰ ਸਿੰਘ ਗੁਰੂਸਰ ਸੁਧਾਰ ਦੇ ਖ਼ਾਲਸਾ ਕਾਲਜ ਦਾ ਵਿਦਿਆਰਥੀ ਸੀ ਜੋ ਵਿਦਿਆਰਥੀਆਂ ਦੀਆਂ ਹੱਕੀ ਮੰਗਾਂ ਲਈ ਉੱਠੀ ਵਿਦਿਆਰਥੀ ਲਹਿਰ ਦੌਰਾਨ ਕੀਤੇ ਰੋਸ ਵਿਖਾਵੇ ਮੌਕੇ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋ ਗਿਆ ਸੀ। ਸ਼ਹੀਦ ਜਗਤਾਰ ਸਿੰਘ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਆਸੀ ਦਾ ਜੰਮਪਲ ਸੀ। ਜਿਕਰਯੋਗ ਹੈ ਕਿ 1947 ਤੋਂ ਪਿੱਛੋਂ ਉਹ ਵਿਦਿਆਰਥੀ ਲਹਿਰ ਦਾ ਪਹਿਲਾ ਸ਼ਹੀਦ ਸੀ।

* ਨਕੋਦਰ ਦੇ ਮੁਹੱਲਾ ਧੀਰ ਦੀ ਰਹਿਣ ਵਾਲੀ ਬੀਬੀ ਤੇਜਬੰਤੀ ਧੀਰ ਸ਼ੋਸ਼ਲ ਪ੍ਰੋਗਰੈਸਿਵ ਵਰਕਰ ਜਥੇਬੰਦੀ ਰਾਹੀਂ ਔਰਤਾਂ ਦੇ ਹੱਕਾਂ ਲਈ ਬੜੀ ਸਰਗਰਮ ਸੀ। ਬੰਗਾਲ ਦੇ ਕਾਲ ਸਮੇਂ ਇਪਟਾ ਦੇ ਗਰੁੱਪ ਨੇ ਨਕੋਦਰ ਵਿਚ ਪ੍ਰੋਗਰਾਮ ਕੀਤਾ ਜੋ ਬੀਬੀ ਧੀਰ ਨੇ ਆਰਗੇਨਾਈਜ਼ ਕੀਤਾ ਸੀ। 1943 ਵਿਚ ਇਪਟਾ (ਇੰਡੀਅਨ ਪੀਪਲਜ਼ ਥੀਏਟਰ) ਰਾਹੀਂ ਉਹ ਕਮਿਊਨਿਸਟ ਪਾਰਟੀ ਦੀ ਹਮਦਰਦ ਤੇ ਫਿਰ ਆਗੂ ਵਜੋਂ ਉੱਭਰ ਕੇ ਸਾਹਮਣੇ ਆਈ ਸੀ। ਉਸ ਦੀ ਗੋਦ ਵਿਚ ਇਕ ਲੜਕੀ ਸੀ ਜਦੋਂ ਉਹ ਵਿਧਵਾ ਹੋ ਗਈ ਸੀ। ਅਗੋਂ ਜਮਹੂਰੀ ਅਧਿਕਾਰ ਸਭਾ ਵਿਚ ਉਸ ਨੇ ਬਹੁਤ ਕੰਮ ਕੀਤਾ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਕਾਮਰੇਡ ਗੰਧਰਵ ਸੈਨ ਹੁਰਾਂ ਦੀ ਰੂਪੋਸ਼ੀ ਦਾ ਭੇਦ ਕੱਢਣ ਲਈ ਉਸ ਦੀ ਡਿਊਟੀ ਲਾਈ ਤਾਂ ਬੀਬੀ ਧੀਰ ਨੇ ਦਿੱਲੀ ਪੁੱਜ ਕੇ ਮੁਹੱਲਿਆਂ ਵਿਚ ਘਰੋ-ਘਰੀ ਜਾ ਕੇ ਭੇਦ ਕੱਢ ਕੇ ਉਨ੍ਹਾਂ ਦੇ ਕੇਸ ਦੀ ਪੈਰਵਾਈ ਕੀਤੀ ਸੀ। ਖਾਲਿਸਤਾਨੀ ਲਹਿਰ ਸਮੇਂ ਵੀ ਬੀਬੀ ਨੇ ਨਜਾਇਜ਼ ਕੇਸਾਂ ਦੀ ਪੈਰਵਾਈ ਬੜੀ ਨਿੱਡਰਤਾ ਨਾਲ ਕੀਤੀ ਸੀ। 1988-90 ਦੇ ਕਰੀਬ ਉਸ ਦਾ ਦਿਹਾਂਤ ਹੋਇਆ ਸੀ। (ਕਾ. ਗੰਧਰਵ ਸੈਨ)

98. ਕਾਰਵਾਈ ਰਜਿਸਟਰ



ਬਾਬਾ ਵਿਸਾਖਾ ਸਿੰਘ ਦੀ ਬਰਸੀ ਮੌਕੇ ਬਾਬਾ ਸੰਧਵਾਂ ਫੋਟੋ ਨੂੰ ਹਾਰ ਪਾਉਂਦੇ, ਬਾਬਾ ਗੁਰਮੁੱਖ ਸਿੰਘ, ਸਾਹਮਣੇ ਕਾ. ਸੁਤੰਤਰ ਤੇ ਭਾਈ ਅਮਰ ਸਿੰਘ ਮਾਨ ਬੈਠੇ ਹਨ।



ਬੈਠਿਆਂ 'ਚ ਦੂਜੇ ਬਾਬਾ ਜਲਵੰਤ ਸਿੰਘ, ਬਾਬਾ ਦਲੀਪ ਸਿੰਘ ਫਾਹਲਾ, ਕਾ. ਹਰੀ ਸਿੰਘ ਧੂਤ, ਕਾ. ਹਰਕ੍ਰਿਸ਼ਨ ਸਿੰਘ ਸੁਰਜੀਤ, ਕਾ. ਮੱਖਣ ਸਿੰਘ ਤਰਸਿੱਕਾ, ਕਾ. ਹਰਨਾਮ ਸਿੰਘ ਚਮਕ, ਪੰਡਿਤ ਕਿਸ਼ੋਰੀ ਲਾਲ।

# ਬੰਸਾਵਲੀ


ਸ. ਬਹਾਦਰ ਸਿੰਘ
ਸ. ਸ਼ੇਰ ਸਿੰਘ
ਸ. ਬਾਬਾ ਅਮਰ ਸਿੰਘ
ਪਤਨੀ ਬਸੰਤ ਕੌਰ
ਮਾਪੇ ਪੱਖੋਵਾਲ (ਹੁਸ਼ਿ)
ਸ. ਪੂਰਨ ਸਿੰਘ
ਪਤਨੀ ਹਰਨਾਮ ਕੌਰ
ਮਾਪੇ ਹਦੀਆਬਾਦ
ਸ. ਬੇਅੰਤ ਸਿੰਘ
ਪਤਨੀ ਦਲੀਪ ਕੌਰ
ਮਾਪੇ ਪੰਡੋਰੀ ਗੰਗਾ ਸਿੰਘ
ਸ. ਸੁੱਚਾ ਸਿੰਘ
ਪਤਨੀ ਨਸੀਬ ਕੌਰ
ਸ਼ੇਕਰਾਂ
ਸ. ਭਗਤ ਸਿੰਘ
ਪਤਨੀ ਮੇਹਰ ਕੌਰ
ਸ.ਸਰਬਣ ਸਿੰਘ
ਸ. ਸੁਖਦੇਵ ਸਿੰਘ
ਸੁਵਰਨ ਕੌਰ
ਸ. ਸੁਰਜੀਤ ਸਿੰਘ
ਸ. ਸੁਰਿੰਦਰ ਸਿੰਘ
ਸ. ਸੀਤਲ ਸਿੰਘ
ਪਤਨੀ ਮਹਿੰਦਰ ਕੌਰ
ਸ. ਬਲਵੰਤ ਸਿੰਘ
ਨਰੰਜਣ ਕੌਰ.
ਸ. ਸਵਰਨ ਸਿੰਘ
ਰੂਨਾ ਨਿੱਝਰ
ਚਰਨ ਕੌਰ
ਜਸਪਾਲ ਕੌਰ
ਹਰਬੰਸ ਕੌਰ
ਸ. ਕਰਨੈਲ ਸਿੰਘ
ਸ. ਚੂਹੜ ਸਿੰਘ
ਜੀਤ ਕੌਰ
ਨਿੰਦਰ ਕੌਰ
ਨਛੱਤਰ ਕੌਰ
ਜੋਰਾਵਰ ਸਿੰਘ ਉਰਫ
ਇੰਦਰਪਾਲ ਸਿੰਘ
ਜਸਵਿੰਦਰ ਕੌਰ
ਪ੍ਰਮਿੰਦਰ ਕੌਰ
ਸਤਿੰਦਰ ਪਾਲ ਸਿੰਘ



ਬਾਬਾ ਅਮਰ ਸਿੰਘ ਸੰਧਵਾਂ ਯਾਦਗਾਰ ਹਾਲ( ਜਲੰਧਰ ਦਾ ਨੀਂਹ ਪੱਥਰ ਰੱਖਦੇ ਸਮੇਂ।



ੴ ਸਤਿਗੁਰਪ੍ਰਸਾਦਿ॥

ਦੇਸ਼ ਭਗਤ ਯਾਦਗਾਰ ਹਾਲ (ਜਾਲੰਧਰ)

ਨੂੰ ਸਹਾਇਤਾ ਦੇਣ ਵਾਲੇ ਸਜਨਾਂ ਦੀ ਪਹਿਲੀ ਸੂਚੀ

| | | | |
|---|---|---|---|
| 1,06,000 | ਰੁਪੈ | ਭਾਗ ਸਿੰਘ (ਜੈ ਸਿੰਘ ਵਾਲਾ | ਫੀਰੋਜ਼ ਪੁਰ) |
| 61,000 | " | ਬਾਬਾ ਅਮਰ ਸਿੰਘ ਸੰਧਵਾਂ | ( ਜਾਲੰਧਰ ) |
| 7,000 | " | ਬਾਬਾ ਸੋਹਣ ਸਿੰਘ ਭਕਨਾ | ( ਅੰਮ੍ਰਿਤਸਰ ) |
| 5,000 | " | ਸਾਥੀ ਕਿਸ਼ਨ ਸਿੰਘ ਗੀਗਾ | ( ਲੁਧਿਆਣਾ ) |
| 5,000 | " | ਸਾਥੀ ਚਰਣ ਸਿੰਘ | ( ਅਮਰੀਕਾ ) |
| 5,000 | " | ਬਾਬਾ ਕਰਮ ਸਿੰਘ ਚੀਮਾ | ( ਜਾਲੰਧਰ) |
| 2,000 | " | ਬਾਬਾ ਕਿਸ਼ਨ ਸਿੰਘ ਪਿੰਡ ... | -ਜਾਲੰਧਰ ) |
| 1,000 | " | ਭਾਈ ਪਿਆਰਾ ਸਿੰਘ | (ਲੰਗੇਰੀ- ਹੁਸ਼ਿਆਰਪੁਰ, |
| 1,000 | " | ਸਾਥੀ ਕਰਮ ਸਿੰਘ ਕਿਰਤੀ | ( ਜਾਲੰਧਰ ) |
| 1,000 | " | ਭਾਈ ਜਵਾਲਾ ਸਿੰਘ | (ਖਾਨਖਾਨਾ ਜਾਲੰਧਰ ) |

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ISBN : 978-93-82413-54-7

₹ 150